[ਆਦਿ ਅੰਗ ੧੩੪]

***ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥ ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥ ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥ ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥ ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥ ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥ ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥ ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥ ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥***

**ਜੇਠ—**ਬਾਰਹਮਾਹਾ ਦੀ ਵਿਆਖਿਆ ਵਿੱਚ ਜੋ ਹਰ ਮਹੀਨੇ ਦੇ ਸ਼ਬਦ ਦੁਆਰਾ ਸਤਿਗੁਰੂ ਜੀ ਨੇ ਉਪਦੇਸ਼ ਬਖ਼ਸ਼ਿਸ਼ ਕੀਤਾ ਹੋਇਆ ਹੈ। ਜੈਸਾ ਕਿ ਪਿੱਛੇ ਵੀ ਦੱਸਿਆ ਗਿਆ ਹੈ ਕਿ ਦੋ ਮਹੀਨਿਆਂ ਦੀ ਇੱਕ ਰੁੱਤ ਹੋਇਆ ਕਰਦੀ ਹੈ। ਛੇ ਰੁੱਤਾਂ ਵਿਚੋਂ ਪਹਿਲੀ ਬਸੰਤ ਰੁੱਤ ਹੈ—ਚੇਤ, ਵੈਸਾਖ ਸਮਾਪਤ ਹੋ ਕੇ ਧਰਤੀ ਅਤੇ ਸੂਰਜ ਦੇ ਸੰਬੰਧ ਦੁਆਰਾ ਰੁੱਤ ਬਦਲਦੀ ਹੈ, ਜਿਸ ਦਾ ਅਸਰ ਬਨਸਪਤੀ, ਜੀਵ ਜੰਤੂਆਂ ਅਤੇ ਮਨੁੱਖੀ ਮਨ 'ਤੇ ਬਹੁਤ ਗਹਿਰਾ ਹੁੰਦਾ ਹੈ। ਜਿਥੇ ਰੁੱਤ ਦਾ ਅਸਰ ਪ੍ਰਕ੍ਰਿਤੀ ਦੇ ਬਣੇ ਸਰੀਰਾਂ 'ਤੇ ਹੁੰਦਾ ਹੈ, ਉੱਥੇ ਮਨ ਤੇ ਇਸਦਾ ਅਸਰ ਹੁੰਦਾ ਹੈ। ਜੇਠ ਦਾ ਮਹੀਨਾ ਚੜ੍ਹਦਿਆਂ ਹੀ ਗ੍ਰੀਖਮ ਰੁੱਤ ਸ਼ੁਰੂ ਹੁੰਦੀ ਹੈ, ਜੋ ਹਾੜ ਦੇ ਮਹੀਨੇ ਦੀ ਸਮਾਪਤੀ ਤਕ ਰਹਿੰਦੀ ਹੈ। ਇਸ ਰੁੱਤ ਨੂੰ ਅਤਿਅੰਤ ਤਪਸ਼ ਕਾਰਨ ਕਠਿਨ ਕੀਤਾ ਹੈ ਕਿਉਂਕਿ ਇਸ ਵਿੱਚ ਸੂਰਜ ਦੀ ਤਪਸ਼ ਦਾ ਪ੍ਰਭਾਵ ਬਹੁਤ ਜ਼ਿਆਦਾ ਹੁੰਦਾ ਹੈ :

ਯਥਾ— **ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥** [ਰਾਮਕਲੀ ਮਹਲਾ ੫, ਅੰਗ ੯੨੮]

ਸੋ ਇਸ ਰੁੱਤ ਦੇ ਪਹਿਲੇ ਮਹੀਨੇ ਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ ਗੁਰੂ ਕੇ ਬਾਗ਼ ਮੰਜੀ ਸਾਹਿਬ ਵਿਖੇ ਉਪਦੇਸ਼ ਬਖ਼ਸ਼ਿਆ ਹੈ। ਜੇਠ ਦੇ ਮਹੀਨੇ ਵਿੱਚ ਕਈ ਇਤਿਹਾਸਕ ਘਟਨਾ ਦਾ ਵੀ ਸੰਜੋਗ ਰਲਦਾ ਹੈ, ਜੈਸਾ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ੧੬੬੩ ਬਿਕ੍ਰਮੀ ਸੰਮਤ ਜੇਠ ਸੁਦੀ ਚੌਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਆਖੰਡ ਰੱਖਣ ਲਈ ਜੋ ਬਾਣੀ ਧੁਰਾ ਰੂਪ ਪ੍ਰਮੇਸ਼ਰ ਤੋਂ ਆਈ ਹੋਈ ਹੈ ਜੋ ਜੀਵਾਂ ਦੀ ਜੰਮਣ ਮਰਣ ਰੂਪ ਚਿੰਤਾਂ ਨੂੰ ਮੇਟਣ ਵਾਲੀ ਹੈ।

ਯਥਾ— **ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥** [ਸੋਰਠਿ ਮਹਲਾ ੫, ਅੰਗ ੬੨੮]

ਸੋ ਇਸ ਬਾਣੀ ਦੇ ਸਤਿਕਾਰ ਨੂੰ ਮੁਖ ਰੱਖਦਿਆਂ ਅਤੇ ਦਿੱਲੀ ਦੀਆਂ ਸੰਗਤਾਂ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਮੌਕੇ ਦੀ ਸਰਕਾਰ ਦੇ ਜ਼ੁਲਮ ਨੂੰ ਬੜੇ ਸਬਰ ਸੰਤੋਖ ਨਾਲ ਸਹਿ ਕੇ ਸ਼ਹੀਦੀ ਪ੍ਰਾਪਤ ਕੀਤੀ ਅਤੇ ਸ਼ਹੀਦਾਂ ਦੇ ਸਿਰਤਾਜ ਬਣੇ। ਫਿਰ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਦਿਵਸ ਤੇ ਸੰਨ ੧੯੮੪ ਨੂੰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦਾ ਖ਼ੂਨੀ ਸਾਕਾ ਸਦੀਆਂ ਤਕ ਜੁਗ ਬਦਲਣ ਨਾਲ ਵੀ ਸਿੱਖ ਧਰਮ ਨੂੰ ਭੁੱਲ ਨਹੀਂ ਸਕਦਾ। ਸੋ ਮੁਖ ਵੀਚਾਰ ਸਾਨੂੰ ਜੇਠ ਦੇ ਮਹੀਨੇ ਦੀ ਹੀ ਕਰਨੀ ਬਣਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਿੱਖ ਸੰਗਤਾਂ ਨੇ ਬੇਨਤੀ ਕੀਤੀ ਕਿ, ਹੇ ਵਾਹਿਗੁਰੂ ਜੀ! ਸੰਸਾਰ ਦਾ ਹਰ ਮਨੁੱਖ ਆਪਣੇ ਸੁੱਖ ਅਤੇ ਭਲੇ ਲਈ ਕਿਸੇ ਨਾ ਕਿਸੇ ਨਾਲ ਜੁੜਦਾ ਹੈ, ਸੋ ਆਪ ਬਖ਼ਸ਼ਿਸ਼ ਕਰੋ ਕਿ ਸਾਨੂੰ ਕਿਸ ਨਾਲ ਜੁੜਨਾ ਚਾਹੀਦਾ ਹੈ ਸੋ ਸਤਿਗੁਰੂ ਜੀ ਨੇ ਅੰਮ੍ਰਿਤ ਬਚਨ ਉਚਾਰਨ ਕਰਕੇ ਉਪਦੇਸ਼ ਬਖ਼ਸ਼ਿਆ :

## ***ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥***

ਜੇਠ ਦੇ ਮਹੀਨੇ ਦੁਆਰਾ ਸਤਿਗੁਰੂ ਜੀ ਫ਼ੁਰਮਾਉਂਦੇ ਹਨ ਕਿ ਅਕਾਲ ਪੁਰਖ ਨਾਲ ਜੋ ਹਰਿ=ਹਰ ਇੱਕ ਦੇ

PDF created with pdfFactory Pro trial version www.pdffactory.com

ਦੁੱਖਾਂ ਨੂੰ ਹਰਨ ਵਾਲਾ, ਵਾ—ਸਾਰਿਆਂ ਨੂੰ ਹਰਿ=ਹਰੇ ਭਰਨ ਕਰਨ ਵਾਲਾ ਹੈ, ਉਸ ਨਾਲ ਜੁੜਨਾ ਲੋੜੀਐ= ਚਾਹੀਦਾ ਹੈ।

ਯਥਾ— **ਹਰੀ ਹਰਤੀ ਪਾਪਾਨੀ ਦੁਸ਼ਟ ਚਿਤ੍ਰ ਭੀ ਸਿਮ੍ਰਤਾਹ॥**

ਜੋ ਦੁਸ਼ਟ ਚਿਤ ਵਾਲਾ ਵੀ ਉਸ ਪ੍ਰਮੇਸ਼ਰ ਨੂੰ ਸਿਮਰੇ ਤਾਂ ਉਸ ਦੇ ਪਾਪਾਂ ਨੂੰ ਨਾਸ ਕਰਦਾ ਹੈ। ਜਿਵੇਂ ਜਹਾਂਗੀਰ ਵੇਲੇ ਛੇਵੇਂ ਪਾਤਸ਼ਾਹ ਨੇ ਇੱਕ ਸ਼ੇਰ ਦਾ ਸ਼ਿਕਾਰ ਕੀਤਾ ਸੀ, ਉਸ ਸ਼ੇਰ ਦੀ ਰੂਹ ਨੇ ਦੱਸਿਆ ਸੀ ਕਿ ਉਸ ਨੇ ਅਕਬਰ ਨਾਲ ਜਾ ਕੇ ਤੀਜੇ ਸਰੂਪ ਦੇ ਦਰਸ਼ਨ ਕੀਤੇ ਸਨ ਤੇ ਨਿੰਦਿਆਂ ਕਰਦਿਆਂ ਸਰੀਰ ਛੁਟਿਆ ਸੀ। ਛੇਵੇਂ ਸਰੂਪ ਵਿੱਚ ਉਸ ਨਿੰਦਕ ਦੁਸ਼ਟ ਚਿਤ ਵਾਲੇ ਦੀ ਪਿਛਲੇ ਜਾਮੇ ਵਿੱਚ ਜੋ ਦੁਸ਼ਟ ਚਿਤ ਦੀ ਸਿਮ੍ਰਤੀ ਸੀ, ਉਸ ਨੂੰ ਮੁਖ ਰੱਖਕੇ ਕਲਿਆਣ ਕੀਤੀ। ਪਰ ਜੇ ਗੁਰਮੁਖ ਬਣ ਕੇ ਉਸ ਨਾਲ ਜੁੜੀਏ ਤਾਂ ਬੇਅੰਤ ਲਾਭ ਪ੍ਰਾਪਤ ਹੁੰਦਾ ਹੈ। ਅੰਤ੍ਰੀਵ ਜੇਠ ਦਾ ਮਹੀਨਾ ਮਨੁੱਖਾ ਸਰੀਰ ਸਮਝਣਾ। ਮਨੁੱਖਾ ਸਰੀਰ ਵਿੱਚ ਹਰੀ ਪ੍ਰਮੇਸ਼ਰ ਨਾਲ ਜੁੜਨਾ ਲੋੜੀਐ=ਚਾਹੀਦਾ ਹੈ। ਜਿਸ ਵਾਹਿਗੁਰੂ ਅੱਗੇ ਵੱਡੀਆਂ ਵੱਡੀਆਂ ਸ਼ਕਤੀਆਂ ਭਾਵੇਂ ਉਹ ਦੇਵ ਸ਼ਕਤੀ ਹੈ ਭਾਵੇਂ ਦੈਤ ਸ਼ਕਤੀ ਸਭਿ=ਸਾਰੀਆਂ ਨਿਵੰਨਿ=ਨਿਵਦੀਆਂ ਹਨ। ਪ੍ਰਤੱਖ ਜੇਠ ਦੇ ਮਹੀਨੇ ਵਿੱਚ ਸੂਰਜ ਦੀ ਤਪਸ਼ ਜੋਬਨ 'ਤੇ ਹੁੰਦੀ ਹੈ। ਅੰਤ੍ਰੀਵ ਜੇਠ ਦੇ ਥਾਂ ਵੈਰਾਗ ਸਮਝਣਾ ਜੋ ਵੈਰਾਗਵਾਨ ਹੋ ਕੇ ਸਾਰੇ ਭੋਗਾਂ ਦਾ ਤਿਆਗ ਕਰਨਾ ਇਹ ਗਰਮੀ ਹੈ ਸੋ ਇਸ ਮਹੀਨੇ ਵਿੱਚ ਤਰਤੀਬਰ ਤਰ ਤਮ ਵੈਰਾਗ ਸਹਿਤ ਹੋ ਕੇ ਪ੍ਰਮੇਸ਼ਰ ਨਾਲ ਜੁੜਨਾ ਚਾਹੀਦਾ ਹੈ। ਕਿਉਂਕਿ ਜੋ ਪ੍ਰਮੇਸ਼ਰ ਨਾਲ ਜੁੜਿਆ ਹੈ, ਉਸ ਬਾਰੇ ਕਥਨ ਹੈ:

ਯਥਾ— **ਹਰਿ ਸਿਉ ਜੁਰੈ ਤ ਸਭੁ ਕੋ ਮੀਤੁ॥ ਹਰਿ ਸਿਉ ਜੁਰੈ ਤ ਨਿਹਚਲੁ ਚੀਤੁ॥**
**ਹਰਿ ਸਿਉ ਜੁਰੈ ਨ ਵਿਆਪੈ ਕਾੜ੍ਹਾ॥ ਹਰਿ ਸਿਉ ਜੁਰੈ ਤ ਹੋਇ ਨਿਸਤਾਰਾ॥੧॥**
**ਰੇ ਮਨ ਮੇਰੇ ਤੂੰ ਹਰਿ ਸਿਉ ਜੋਰੁ॥ ਕਾਜਿ ਤੁਹਾਰੈ ਨਾਹੀ ਹੋਰੁ॥**

[ਗਉੜੀ ਮਹਲਾ ੫, ਅੰਗ ੨੩੮]

ਜਿਸ ਤਰ੍ਹਾਂ ਧ੍ਰੂ ਭਗਤ ਪ੍ਰਮਾਤਮਾ ਨਾਲ ਜੁੜਿਆ ਤਾਂ ਪ੍ਰਮਾਤਮਾ ਨੇ ਉਸ ਨੂੰ ਇਸ ਲੋਕ ਦਾ ਰਾਜ ਅਤੇ ਅਚੱਲ ਪਦਵੀ ਦੀ ਪ੍ਰਾਪਤੀ ਕਰਵਾਈ। ਸੋ ਇਸ ਤਰ੍ਹਾਂ ਦੇ ਹੋਰ ਵੀ ਬੇਅੰਤ ਪ੍ਰਮਾਣ ਹਨ ਇਸ ਲਈ ਉਸ ਸਮਰਥ ਪ੍ਰਮੇਸ਼ਰ ਨਾਲ ਜੁੜਨਾ ਕਰੀਏ ਜੋ ਸਰਬ ਕਲਾ ਸਮਰੱਥ ਹੈ, ਜਿਸ ਦੀ ਸਮਰੱਥਾ ਦਾ ਕੋਈ ਅੰਤ ਨਹੀਂ, ਜੇ ਪ੍ਰਮਾਤਮਾ ਚਾਹੇ ਤਾਂ ਆਪਣੀ ਸਮਰੱਥਾ ਵਿੱਚੋਂ ਥੋੜ੍ਹਾ ਜਿਹਾ ਕਿਣਕਾ ਕਿਸੇ ਛੋਟੇ ਜੀਵ ਨੂੰ ਦੇ ਕੇ ਵੱਡੇ-ਵੱਡੇ ਕੰਮ ਕਰਾ ਸਕਦਾ ਹੈ।

ਯਥਾ— **੧. ਨੀਕੀ ਕੀਰੀ ਮਹਿ ਕਲ ਰਾਖੈ॥ ਭਸਮ ਕਰੈ ਲਸਕਰ ਕੋਟਿ ਲਾਖੈ॥**

[ਗਉੜੀ ਮਹਲਾ ੫, ਅੰਗ ੨੮੫]

**੨. ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥** [ਵਾਰ ਮਾਝ ਮਹਲਾ ੧, ਅੰਗ ੧੪੪]

ਜਿਸ ਦੀ ਸ਼ਕਤੀ ਅੱਗੇ ਫ਼ੌਜਾਂ ਦੀ, ਧਨ ਦੀ ਤਾਕਤ, ਬਿਭੂਤੀ ਦੀ ਤਾਕਤ, ਜਿਸਮਾਨੀ ਤਾਕਤ, ਰੂਹਾਨੀ ਤਾਕਤ, ਬਿਵਹਾਰਕ ਆਦਿਕ ਵਿਦਿਆ ਦਾ ਬਲ ਤੇ ਸਿਧੀਆਂ ਆਦਿ ਦੇ ਬਲ ਵਾਲੇ ਸਿਧ, ਭਗਤ, ਸੰਤ, ਫ਼ਕੀਰ ਸਾਰੇ ਹੀ ਨਿਵਦੇ ਹਨ:

ਯਥਾ— **੧. ਸਤਰਿ ਸੈਇ ਸਲਾਰ ਹੈ ਜਾ ਕੇ॥ ਸਵਾ ਲਾਖ ਪੈਕਾਬਰ ਤਾ ਕੇ॥**

[ਭੈਰਉ ਕਬੀਰ ਜੀ, ਅੰਗ ੧੧੬੧]

**੨. ਐਸੋ ਧਣੀ ਗੁਵਿੰਦੁ ਹਮਾਰਾ॥ ਬਰਨਿ ਨ ਸਾਕਉ ਗੁਣ ਬਿਸਥਾਰਾ॥**

[ਭੈਰਉ ਮਹਲਾ ੫, ਅੰਗ ੧੧੫੬]

ਸੋ ਸਾਨੂੰ ਉਸ ਪ੍ਰਮੇਸ਼ਰ ਨਾਲ ਜੁੜਕੇ ਉਸ ਦੇ ਚਰਨੀਂ ਪੈ ਰਹਿਣਾ ਚਾਹੀਦਾ ਹੈ ਤਾਂ ਹੀ ਇਹ ਜੇਠ ਦਾ ਮਹੀਨਾ

PDF created with pdfFactory Pro trial version www.pdffactory.com

ਭਲਾ ਹੈ ਜੇ ਸਾਨੂੰ ਪ੍ਰਮੇਸ਼ਰ ਚੇਤੇ ਰਹੇਗਾ :

ਯਥਾ— **ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ ॥** [ਤੁਖਾਰੀ ਮਹਲਾ ੧, ਅੰਗ ੧੧੦੮]

ਗੁਰਸਿਖਾਂ ਨੇ ਸਤਿਗੁਰਾਂ ਨੂੰ ਪ੍ਰਸ਼ਨ ਕੀਤਾ ਕਿ ਪ੍ਰਮੇਸ਼ਰ ਨਾਲ ਜੁੜਨ ਕਰਕੇ ਕੀ ਲਾਭ ਹੋਵੇਗਾ ? ਤਾਂ ਉੱਤਰ ਵਿੱਚ ਕਹਿੰਦੇ ਹਨ :

## *ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥*

ਹਰਿ=ਪ੍ਰਮੇਸ਼ਰ ਜੋ ਲੋਕ ਪ੍ਰਲੋਕ ਅਤੇ ਮਾਤਾ ਦੇ ਉਦਰ ਦਾ ਸਜਣ=ਮਿੱਤਰ ਭਾਵ ਸਹਾਇਕ ਹੈ, ਉਸ ਦੇ ਦਾਵਣਿ=ਪੱਲੇ ਲੱਗਣ ਨਾਲ (ਦਾਵਣਿ=ਸੰਃ/ਫ਼ਾਰਸੀ-ਦਾਮਨ ਪੱਲਾ ਭਾਵ ਸ਼ਰਣ) ਭਾਵ ਉਸ ਦੀ ਸ਼ਰਣ ਵਿੱਚ ਆਉਣ ਨਾਲ ਫਿਰ ਪ੍ਰਮੇਸ਼ਰ ਸਾਨੂੰ ਬੰਨ੍ਹ ਕੇ ਕਿਸੇ ਦੇ ਹਵਾਲੇ ਇਉਂ ਨਹੀਂ ਕਰੇਗਾ ਜਿਵੇਂ ਕੋਈ ਛੋਟਾ ਰਾਜਾ ਬੰਨ੍ਹ ਕੇ ਵੱਡੇ ਰਾਜੇ ਅੱਗੇ ਪੇਸ਼ ਕਰੇ। ਉਹ ਪ੍ਰਮੇਸ਼ਰ ਕਿਸੇ ਨੂੰ ਵੀ ਬੰਨ੍ਹ ਕੇ ਨਹੀਂ ਦਿੰਦਾ। ਜਿਸ ਤਰ੍ਹਾਂ ਸ਼ੇਰ ਦੀ ਸ਼ਰਣ ਪਿਆਂ ਗਿੱਦੜ ਬਘਿਆੜ ਆਦਿ ਪੋਹ ਨਹੀਂ ਸਕਦੇ। ਲੱਖਾਂ ਪਾਤਸ਼ਾਹ ਫ਼ੌਜਾਂ ਸਮੇਤ ਪ੍ਰਮੇਸ਼ਰ ਦੀ ਸ਼ਰਣ ਪਏ ਨੂੰ ਕੁਝ ਨਹੀਂ ਕਹਿ ਸਕਦੇ, ਕੋਈ ਦੇਵਤੇ ਦੈਂਤ ਵੀ ਭੈ ਨਹੀਂ ਦੇ ਸਕਦੇ। ਇਥੋਂ ਤਕ ਕਿ ਜਮਦੂਤ ਵੀ ਬੰਨ੍ਹ ਕੇ ਧਰਮਰਾਜ ਦੇ ਹਵਾਲੇ ਨਹੀਂ ਕਰ ਸਕਦੇ। ਜੋ ਪ੍ਰਮੇਸ਼ਰ ਦੀ ਸ਼ਰਨ ਆਉਂਦਾ ਹੈ। ਪ੍ਰਮੇਸ਼ਰ ਆਪਣੇ ਧਰਮ ਅਨੁਸਾਰ ਉਸਨੂੰ ਕੰਠ ਲਾ ਲੈਂਦਾ ਹੈ :

ਯਥਾ— **੧. ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥**
[ਬਿਹਾਗੜਾ ਮਹਲਾ ੫, ਅੰਗ ੫੪੪]

**੨. ਮਾਨਸ ਕੀ ਕਹੁ ਕੇਤਕ ਬਾਤ ॥ ਜਮ ਤੇ ਰਾਖੈ ਦੇ ਕਰਿ ਹਾਥ ॥**
[ਭੈਰਉ ਮਹਲਾ ੫, ਅੰਗ ੧੧੪੯]

**੩. ਜੋ ਸਰਣਿ ਪਰੈ ਤਿਸ ਕੀ ਪਤਿ ਰਾਖੈ ਜਾਇ ਪੂਛਹੁ ਵੇਦ ਪੁਰਾਣੀ ਹੇ ॥**
[ਮਾਰੂ ਮਹਲਾ ੪, ਅੰਗ ੧੦੭੦]

**੪. ਜਮ ਕੰਕਰੁ ਨੇੜਿ ਨਾ ਆਇਆ ॥ ਸੁਖੁ ਨਾਨਕ ਸਰਣੀ ਪਾਇਆ ॥**
[ਸੋਰਠਿ ਮਹਲਾ ੫, ਅੰਗ ੬੨੩]

## *ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥*

ਜੋ ਪ੍ਰਭ=ਪ੍ਰਮੇਸ਼ਰ ਦਾ ਨਾਮ ਹੈ ਉਹ ਮਾਣਕ ਅਤੇ ਮੋਤੀਆਂ ਦੀ ਨਿਆਈਂ ਅਮੋਲਕ ਹੈ, ਵਾ—ਉਹ ਗੁਰਮੁਖ ਜਿਨ੍ਹਾਂ ਨੇ ਤਰਤੀਬਵਾਰ ਤਰਤੀਬਰ ਤਰ ਤਮ ਵੈਰਾਗ ਨੂੰ ਜੇਠ ਦਾ ਮਹੀਨਾ ਸਮਝਿਆ ਹੈ, ਉਨ੍ਹਾਂ ਨੇ ਵਾਹਿਗੁਰੂ ਦੇ ਨਾਮ ਨੂੰ ਹੀ ਹੀਰੇ ਮੋਤੀ ਜਾਣਿਆ ਹੈ, ਜਿਸ ਨਾਮ ਦਾ ਹੀਰੇ ਮੋਤੀ ਵੀ ਮੁੱਲ ਨਹੀਂ ਪਾ ਸਕਦੇ, ਵਾ—ਵੈਰਾਗ ਰੂਪੀ ਮੋਤੀ ਸ੍ਰਵਣ, ਮੰਨਣ, ਨਿਧਿਆਸਣ ਰੂਪ ਮਾਣਕ ਹਨ। ਜਿਸ ਤਰ੍ਹਾਂ ਜਿਥੇ ਪਾਤਸ਼ਾਹ ਜਾਵੇ ਉੱਥੇ ਸਭ ਵਜ਼ੀਰ-ਅਹਿਲਕਾਰ ਵੀ ਜਾਂਦੇ ਹਨ। ਇਸ ਤਰ੍ਹਾਂ ਜਿਸ ਹਿਰਦੇ ਵਿੱਚ ਪ੍ਰਮੇਸ਼ਰ ਦਾ ਨਾਮ ਵਸਦਾ ਹੈ। ਉੱਥੇ ਇਹ ਸ੍ਰਵਣ ਆਦਿਕ ਸਾਰੇ ਸ਼ੁਭ ਗੁਣ ਜਾ ਕੇ ਨਿਵਾਸ ਕਰਦੇ ਹਨ। ਇਹ ਨਾਮ ਦਾ ਖ਼ਜ਼ਾਨਾ ਐਸਾ ਹੈ :

## *ਉਨ ਲਗੈ ਨਾਹੀ ਸੰਨਿ ॥*

ਜਿਸਨੂੰ ਨਿਸ਼ਰਧਕ ਪੁਣੇ ਰੂਪ ਚੋਰ ਵਾਸ਼ਨਾ ਰੂਪ ਸੰਨ੍ਹ ਲਾ ਕੇ ਭਾਵ ਪਾੜ ਲਾ ਕੇ ਨਹੀਂ ਚੁਰਾ ਸਕਦੇ। ਵਾ—ਹੋਰ ਬਾਦਸ਼ਾਹਾਂ ਦੇ ਧਨ ਦੇ ਤਾਂ ਬੈਂਕਾਂ ਦੇ ਬੈਂਕ ਲੁੱਟੇ ਜਾਂਦੇ ਹਨ ਪਰ ਇਸ ਧਨ ਨੂੰ ਕਾਮ ਆਦਿ ਚੋਰ ਲੁੱਟ ਨਹੀਂ ਸਕਦੇ,

PDF created with pdfFactory Pro trial version www.pdffactory.com

ਵਿਕਾਰਾਂ ਦੀ ਅੱਗ ਸਾੜ ਨਹੀਂ ਸਕਦੀ, ਪਦਾਰਥਾਂ ਦਾ ਜਲ ਡੋਬ ਨਹੀਂ ਸਕਦਾ:

ਯਥਾ— **ਹਰਿ ਧਨੁ ਨਿਰਭਉ ਸਦਾ ਸਦਾ ਅਸਥਿਰੁ ਹੈ ਸਾਚਾ ਇਹੁ ਹਰਿ ਧਨੁ ਅਗਨੀ, ਤਸਕਰੈ ਪਾਣੀਐ ਜਮਦੂਤੈ ਕਿਸੈ ਕਾ ਗਵਾਇਆ ਨਾ ਜਾਈ॥**

[ਸੂਹੀ ਮਹਲਾ ੪, ਅੰਗ ੭੩੪]

## ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥

ਜਿਤਨੇ ਮਨ ਭਾਵੰਨਿ=ਮਨ ਨੂੰ ਭਾਉਣ ਵਾਲੇ ਰੰਗ=ਅਨੰਦ ਹਨ ਸਭੇ=ਸਾਰੇ ਹੀ ਨਾਰਾਇਣੈ=ਵਾਹਿਗੁਰੂ ਦੇ ਸਿਮਰਨ ਵਿੱਚ ਹਨ। ਨਾਰਾਇਣ=ਨਾ+ਰਾਇਣ=ਜਿਸ ਵਿੱਚ ਅਵਿਦਿਆ ਰੂਪ ਰਾਤ ਨਹੀਂ ਹੈ, ਸੋ ਕਹੀਐ ਨਾਰਾਇਣ, ਵਾ—ਜੇਤੇ=ਜਿਤਨੇ ਵੀ ਸੰਤ ਭਗਤ ਪ੍ਰਮੇਸ਼ਰ ਦੇ ਭਾਣੇ ਨੂੰ ਮੰਨ ਕੇ ਉਸ ਵਾਹਿਗੁਰੂ ਨੂੰ ਭਾਅ ਗਏ ਹਨ ਉਹ ਸਭੇ=ਸਾਰੇ ਹੀ ਨਾਰਾਇਣੈ=ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਪ੍ਰੇਮ ਰੰਗ ਵਿੱਚ ਰੰਗ ਲਏ ਹਨ:

ਯਥਾ— **ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ॥** [ਵਾਰ ਗੂਜਰੀ ਮਹਲਾ ੫, ਅੰਗ ੫੨੩]

ਵਾ—ਪ੍ਰਮੇਸ਼ਰ ਦੇ ਅਨੇਕਾਂ ਤਰ੍ਹਾਂ ਦੇ ਰੰਗ=ਕੌਤਕ ਹਨ ਇਹ ਕੌਤਕ ਉਨ੍ਹਾਂ ਸੱਤ ਪੁਰਸ਼ਾਂ ਨੂੰ ਭਾਉਂਦੇ ਹਨ ਜੋ, ਪ੍ਰਮੇਸ਼ਰ ਦੇ ਰੰਗ ਵਿੱਚ ਰੰਗੇ ਹਨ। ਸ਼ਾਤਕੀ, ਰਾਜਸੀ, ਤਾਮਸੀ ਸੁਭਾਵਾਂ ਵਾਲੇ ਕੌਤਕ ਅਤੇ ਗਰਮੀ ਸਰਦੀ ਸਭ ਉਸ ਦੇ ਹੀ ਕੌਤਕ ਹਨ ਤਰ੍ਹਾਂ ਤਰ੍ਹਾਂ ਦੇ ਪੁਰਸ਼ ਪੈਦਾ ਕੀਤੇ ਹਨ। ਵੈਰਾਗ ਦਾ ਪੀਲਾ ਰੰਗ, ਪ੍ਰੇਮ ਦਾ ਹਰਾ ਰੰਗ, ਵਿਛੋੜੇ ਦਾ ਕਾਲਾ ਰੰਗ, ਭਗਤੀ ਦਾ ਲਾਲ ਰੰਗ, ਸਤੋ ਗੁਣ ਦਾ ਸਫ਼ੈਦ ਰੰਗ ਇਸ ਤਰ੍ਹਾਂ ਦੇ ਜੋ ਨਾਨ੍ਹਾਂ ਤਰ੍ਹਾਂ ਦੇ ਸੁਭਾਅ ਪ੍ਰਤੀਤ ਹੁੰਦੇ ਹਨ ਇਹਨਾਂ ਸਭ ਨੂੰ ਉਹ ਪ੍ਰਮੇਸ਼ਰ ਦੇ ਕੌਤਕ ਜਾਣਦੇ ਹਨ। ਜੋ ਉਸ ਪ੍ਰਮੇਸ਼ਰ ਦੇ ਮਨ ਨੂੰ ਭਾਅ ਗਏ ਹਨ ਪ੍ਰਮੇਸ਼ਰ ਨੇ ਉਨ੍ਹਾਂ ਨੂੰ ਭਗਤੀ ਰੂਪੀ ਰੰਗ ਵਿੱਚ ਰੰਗ ਲਿਆ ਹੈ। ਫਿਰ ਉਹ ਇਉਂ ਜਾਣਦੇ ਹਨ:

## ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥

ਜੋ ਹਰਿ=ਵਾਹਿਗੁਰੂ ਲੋੜੇ=ਚਾਹੁੰਦਾ ਹੈ, ਉਹ ਕੰਮ ਆਪਣੀ ਇੱਛਾ ਅਨੁਸਾਰ ਕਰਦਾ ਹੈ ਅਤੇ ਉਸਦੇ ਹੁਕਮ ਅਨੁਸਾਰ ਹੀ ਜੀਵ ਕੰਮ ਕਰਦੇ ਹਨ। ਵਾ—'ਸੋਈ ਜੀਵ ਵਾਹਿਗੁਰੂ ਦੀ ਭਗਤੀ ਕਰਦੇ ਹਨ ਜਿਨ੍ਹਾਂ ਨੂੰ ਪ੍ਰਮੇਸ਼ਰ ਆਪਣੇ ਵਿੱਚ ਅਭੇਦ ਕਰਨਾ ਚਾਹੁੰਦਾ ਹੈ। ਵਾ—ਉਹੀ ਜੀਵ ਪ੍ਰਮਾਤਮਾ ਦੀ ਭਗਤੀ ਕਰਦਾ ਹੈ ਜੋ ਹਰਿ=ਵਾਹਿਗੁਰੂ ਨੂੰ ਲੋੜੇ=ਪ੍ਰਾਪਤ ਕਰਨਾ ਚਾਹੁੰਦਾ ਹੈ।

## ਜੋ ਪ੍ਰਭਿ ਕੀਤੇ ਆਪਣੇ ਸੇਈ ਕਹੀਅਹਿ ਧੰਨਿ ॥

ਜੋ ਗੁਰਮੁਖ ਪਿਆਰੇ ਸੰਤ ਭਗਤ ਪ੍ਰਭਿ=ਵਾਹਿਗੁਰੂ ਨੇ ਆਪਣੇ ਬਣਾ ਲਏ ਹਨ, ਕ੍ਰਿਪਾ ਦ੍ਰਿਸ਼ਟੀ ਕਰਕੇ ਨਾਮ ਵਿੱਚ ਲਿਵ ਲਾ ਦਿੱਤੀ ਹੈ, ਉਹ ਧੰਨਤਾ ਦੇ ਯੋਗ ਕਹੇ ਜਾਂਦੇ ਹਨ।

ਯਥਾ— **੧. ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ॥** [ਗਉੜੀ ਮਹਲਾ ੫, ਅੰਗ ੨੫੨]

**੨. ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥** [ਵਾਰ ਗਉੜੀ ਮਹਲਾ ੫, ਅੰਗ ੩੧੯]

ਉਹ ਆਪ ਵੀ ਧੰਨਤਾ ਦੇ ਯੋਗ ਹਨ ਅਤੇ ਉਨ੍ਹਾਂ ਦੀ ਮਾਤਾ ਵੀ ਧੰਨਤਾ ਦੇ ਯੋਗ ਹੈ।

ਯਥਾ— **ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ॥** [ਆਸਾ ਫ਼ਰੀਦ ਜੀ ਅੰਗ ੪੮੮]

PDF created with pdfFactory Pro trial version www.pdffactory.com

## ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥

ਜੀਵ ਦੇ ਆਪਣੇ ਕੀਤੇ ਹੋਏ ਯਤਨਾਂ ਦੇ ਅਨੁਸਾਰ ਲੀਆ=ਪ੍ਰਾਪਤ ਕੀਤਾ ਹੋਇਆ ਭਾਵ ਆਪਣੀ ਕੋਸ਼ਿਸ਼ ਕੀਤੇ ਤੋਂ ਜੇ ਵਾਹਿਗੁਰੂ ਮਿਲਦਾ ਹੋਵੇ ਤਾਂ ਜੀਵ ਵਿਛੜ ਕੇ ਕਿਉਂ ਰੋਵੰਨਿ=ਰੋ ਰਹੇ ਹਨ ? ਭਾਵ ਜੀਵ ਆਪਣੇ ਆਪ ਕੁਝ ਨਹੀਂ ਕਰ ਸਕਦਾ ਜੀਵ ਦੀ ਅਗਿਆਨ ਵੱਸ ਹੋ ਕੇ ਕੇਵਲ ਹੰਗਤਾ ਹੈ, ਐਸਾ ਭਾਵ ਹਮੇਸ਼ਾ ਬਣਿਆ ਰਹਿੰਦਾ ਹੈ। ਜੈਸਾ ਕਿ ਸਤਿਗੁਰੂ ਜੀ ਫ਼ੁਰਮਾਉਂਦੇ ਹਨ, ਕਿ ਜੀਵ ਦੀ ਐਸੀ ਹਾਲਤ ਹੈ।

ਯਥਾ— **ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥**
**ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥** [ਸਿਰੀ ਰਾਗ ਮਹਲਾ ੩, ਅੰਗ ੩੯]

ਜਿਵੇਂ ਕਿ ਨਾਸਤਕ ਭਾਵਨਾ ਵਿੱਚ ਆ ਕੇ ਬਹੁਤ ਸਾਰੇ ਜੀਵ ਕਹਿੰਦੇ ਹਨ, ਕਿ ਅਸੀਂ ਮਿਹਨਤ ਕਰਕੇ ਧਨ ਇਕੱਠਾ ਕਰਦੇ ਹਾਂ ਅਤੇ ਆਪਣੇ ਕੰਮ ਸਵਾਰਦੇ ਹਾਂ, ਪਰ ਜਦੋਂ ਵਣਜ ਵਿੱਚ ਘਾਟਾ ਪੈਂਦਾ ਹੈ, ਕੋਈ ਕੰਮ ਵਿੱਚ ਨੁਕਸਾਨ ਹੁੰਦਾ ਹੈ, ਫਿਰ ਇਹ ਐਸਾ ਕਿਉਂ ਹੋ ਗਿਆ ? ਜੀਵ ਨੇ ਤਾਂ ਘਾਟੇ ਲਈ ਕੋਈ ਵੀ ਕੰਮ ਨਹੀਂ ਕੀਤਾ ਸੀ। ਇਥੋਂ ਇਹ ਸਪਸ਼ਟ ਹੈ ਕਿ ਜੋ ਕੁਝ ਹੋ ਰਿਹਾ ਹੈ, ਉਹ ਉਸ ਦੇ ਹੁਕਮ ਵਿੱਚ ਹੋ ਰਿਹਾ ਹੈ।

ਯਥਾ— **ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨਾ ਕੋਇ ॥** [ਜਪੁਜੀ ਸਾਹਿਬ, ਅੰਗ ੧]

ਜੇ ਆਪ ਕਾਮਨਾਂ ਤੇ ਹੰਗਤਾ ਸਾਹਿਤ ਪ੍ਰਮੇਸ਼ਰ ਨੂੰ ਪ੍ਰਾਪਤ ਕਰਨਾ ਚਾਹੇ ਜੇ ਪ੍ਰਾਪਤੀ ਇਸ ਪ੍ਰਕਾਰ ਜੀਵ ਦੀ ਸੋਚ ਮੁਤਾਬਿਕ ਹੋ ਜਾਵੇ ਤਾਂ ਪ੍ਰਮਾਤਮਾ ਤੋਂ ਵਿਛੁੜ ਕੇ ਰੋਣ ਦੀ ਗੱਲ ਵਿਚਕਾਰ ਕਿਉਂ ਆ ਗਈ ? ਇਥੇ ਕਬੀਰ ਜੀ ਸੰਖ ਦਾ ਪ੍ਰਮਾਣ ਦੇ ਕੇ ਇਸ ਸਿਧਾਂਤ ਨੂੰ ਸਪਸ਼ਟ ਕਰਦੇ ਹਨ।

ਯਥਾ— **ਕਬੀਰ ਰੈਨਾਇਰ ਬਿਛੋਰਿਆ ਰਹੁ ਰੇ ਸੰਖ ਮਝੂਰਿ ॥**
**ਦੇਵਲ ਦੇਵਲ ਧਾਹੜੀ ਦੇਸਹਿ ਉਗਵਤ ਸੂਰ ॥** [ਸਲੋਕ ਕਬੀਰ ਜੀ, ਅੰਗ ੧੩੭੧]

ਭਗਤ ਕਬੀਰ ਜੀ ਫ਼ੁਰਮਾਉਂਦੇ ਹਨ ਕਿ ਹੇ ਜੀਵ ਰੂਪੀ ਸੰਖ ! ਤੂੰ ਆਪਣੇ ਚਿੱਤ ਨੂੰ ਪ੍ਰਮਾਤਮਾ ਰੂਪੀ ਰੈਨਾਇਰ=ਸਮੁੰਦਰ ਤੋਂ ਵਿਛੋੜਿਆ ਹੈ ਇਸ ਲਈ ਤੂੰ ਤਿਸ ਸਮੁੰਦਰ ਦੇ ਮਝੂਰਿ=ਵਿੱਚ ਰਹਿਣਾ ਕਰ, ਨਹੀਂ ਤਾਂ ਕਾਲ ਰੂਪੀ ਸੂਰਜ ਦੇ ਉਗਵਤਿ=ਉਦੇ ਭਾਵ ਪ੍ਰਗਟ ਹੋਣ ਤੋਂ ਦੇਹ ਰੂਪ ਦੇਵਲ ਦੇਵਲ=ਦੇਵਾਲੇ-ਦੇਵਾਲੇ ਭਾਵ ਦੇਵ ਮੰਦਰ ਵਿੱਚ ਧਾਹੜੀ=ਧਾਹਾਂ ਮਾਰਦਾਂ ਫਿਰੇਂਗਾ, ਤੂੰ ਜਨਮਾਂ ਨੂੰ ਧਾਰ-ਧਾਰ ਕੇ ਦੁਖੀ ਰਹੇਂਗਾ, ਪ੍ਰਮੇਸ਼ਰ ਨਾਲ ਨਹੀਂ ਮਿਲੇਂਗਾ। ਜੇਕਰ ਜੀਵ ਆਪਣੇ ਸਾਧਨਾਂ ਦਾ ਕੀਤਾ ਹੋਇਆ ਫਲ ਲੈਣਾ ਚਾਹੇ ਭਾਵ ਪ੍ਰਮੇਸ਼ਰ ਨੂੰ ਮਿਲਣਾ ਚਾਹੇ, ਇਸਦੀ ਇੱਛਾ ਅਨੁਸਾਰ ਹੀ ਮਿਲੇ ਤਾਂ ਇਹ ਵਿਛੜ ਕੇ ਚੌਰਾਸੀ ਲੱਖ ਜੂਨਾਂ ਵਿੱਚ ਕਿਉਂ ਚੱਕਰ ਕੱਟਦਾ ਹੈ ? ਅਤੇ ਤ੍ਰਿਗਦ ਜੂਨਾਂ ਵਿੱਚ ਦੁੱਖ ਦਾ ਸਤਾਇਆ ਹੋਇਆ ਕਿਉਂ ਰੋਂਦਾ ਹੈ ? ਸਿੱਖਾਂ ਨੇ ਪੁੱਛਿਆ ਕਿ ਮਹਾਰਾਜ ਪ੍ਰਾਪਤੀ ਕਿਵੇਂ ਹੋਵੇਗੀ ?

## ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥

ਸਤਿਗੁਰੂ ਜੀ ਨੇ ਉੱਤਰ ਦਿੱਤਾ ਕਿ ਸਾਧੂ=ਸ੍ਰੇਸ਼ਟ ਗੁਣਾ ਵਾਲੇ ਗੁਰਮੁਖਾਂ ਦੀ ਸੰਗੁ=ਸੰਗਤ ਪ੍ਰਾਪਤ ਹੋਵੇ ਤਾਂ ਵਾਹਿਗੁਰੂ ਪਰਾਪਤੇ=ਮਿਲਦਾ ਹੈ। ਸਾਧੂਆਂ ਦੀ ਸੰਗਤ ਦੁਆਰਾ ਵਾਹਿਗੁਰੂ ਦੀ ਪ੍ਰਾਪਤੀ ਤੋਂ ਭਾਵ ਹੈ। ਵਾਹਿਗੁਰੂ ਵਿੱਚ ਅਭੇਦਤਾ ਰੂਪ ਵਾ ਮੁਕਤ ਹੋਣ ਰੂਪ ਰੰਗ=ਅਨੰਦ ਨੂੰ ਮਾਣੰਨਿ=ਮਾਣਦੇ ਹਨ, ਭਾਵ ਹੰਢਾਉਂਦੇ ਹਨ।

ਯਥਾ— **੧. ਮਹਾ ਪਵਿਤ੍ਰ ਸਾਧ ਕਾ ਸੰਗੁ ॥ ਜਿਸੁ ਭੇਟਤ ਲਾਗੈ ਪ੍ਰਭ ਰੰਗੁ ॥**
[ਆਸਾ ਮਹਲਾ ੫, ਅੰਗ ੩੯੨-੯੩]

**੨. ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥**
[ਸੋਰਠਿ ਮਹਲਾ ੯, ਅੰਗ ੬੩੩]

PDF created with pdfFactory Pro trial version www.pdffactory.com

ਤੇ ਉਹ ਸਾਧਸੰਗਤਿ ਨੂੰ ਪ੍ਰਾਪਤ ਕਰਕੇ ਪ੍ਰਮੇਸ਼ਰ ਦੀ ਏਕਤਾ ਦਾ ਆਨੰਦ ਮਾਣਦੇ ਹਨ ਉਨ੍ਹਾਂ ਦੀ ਪਰਾ+ਪਤੇ=ਪਰਾ=ਉਤਕ੍ਰਿਸ਼ਟ ਪਤੇ=ਇੱਜ਼ਤ ਹੁੰਦੀ ਹੈ। ਇੱਕ ਵਾਰੀ ਧਰੂ ਭਗਤ ਵਿਸ਼ਨੂੰ ਭਗਵਾਨ ਜੀ ਨੂੰ ਮਿਲਿਆ ਤੇ ਕਹਿਣ ਲੱਗਾ ਤੁਹਾਡੇ ਵਿੱਚ ਏਕਤਾ ਕਿਵੇਂ ਹੁੰਦੀ ਹੈ ? ਤਾਂ ਵਿਸ਼ਨੂੰ ਜੀ ਨੇ ਕਿਹਾ ਸਤਸੰਗਤਿ ਦੱਸ ਸਕਦੀ ਹੈ ਜਦੋਂ ਧਰੂ ਭਗਤ ਵਿਚਰਦਾ ਹੋਇਆ ਸਾਧੂਆਂ-ਰਿਸ਼ੀਆਂ ਦੇ ਆਸ਼ਰਮ ਵਲ ਗਿਆ ਤੇ ਰਿਸ਼ੀਆਂ ਨੂੰ ਕਿਹਾ ਕਿ ਮੈਂ ਭਗਵਾਨ ਵਿਸ਼ਨੂੰ ਤੋਂ ਏਕਤਾ ਬਾਰੇ ਪੁੱਛਿਆ ਸੀ, ਉਨ੍ਹਾਂ ਨੇ ਤੁਹਾਡੇ ਵੱਲ ਇਸ਼ਾਰਾ ਕੀਤਾ ਹੈ। ਤਾਂ ਰਿਸ਼ੀਆਂ ਨੇ ਕਿਹਾ ਜੇ ਭਗਵਾਨ ਜੀ ਏਕਤਾ ਦੱਸ ਦਿੰਦੇ ਤਾਂ ਉਨ੍ਹਾਂ ਦਾ ਭਗਵਾਨ ਪਣਾ ਨਹੀਂ ਸੀ ਰਹਿਣਾ। ਤੇਰੇ ਅੰਦਰ ਅਚੱਲ ਪਦਵੀ ਦਾ ਹੰਕਾਰ ਸੀ ਇਸ ਕਰਕੇ ਨਹੀਂ ਦੱਸਿਆ। ਜੋ ਸਾਰੇ ਰਿਸ਼ੀਆਂ ਦੇ ਬਚਨ ਸੁਣਕੇ ਧਰੂ ਰੋਣ ਲੱਗ ਪਿਆ। ਐਸਾ ਨਿਮਰਤਾ ਭਾਵ ਵਿੱਚ ਆਇਆ ਆਪਣੇ ਆਪ ਨੂੰ ਸਭ ਦੀ ਚਰਣ ਧੂੜ ਜਾਨਣ ਲੱਗਾ। ਮਹਾਂਪੁਰਸ਼ਾਂ ਵਿੱਚ ਹੰਕਾਰ ਨੂੰ ਮੇਟ ਕੇ ਏਕਤਾ ਕਰਾਉਣ ਦੀ ਸਮੱਰਥਾ ਹੈ। ਇਸ ਲਈ ਸਤਿਗੁਰੂ ਜੀ ਨੇ ਅਖ਼ੀਰਲੀ ਤੁਕ ਵਿੱਚ ਸਾਧੂਆਂ ਦੀ ਸੰਗਤ ਦੇ ਮਿਲਾਪ ਦਾ ਫਲ ਦੱਸਿਆ ਹੈ।

ਯਥਾ— **ਖੋਜਤ ਖੋਜਤ ਸੁਨੀ ਇਹ ਸੋਇ॥**
**ਸਾਧਸੰਗਤਿ ਬਿਨੁ ਤਰਿਓ ਨ ਕੋਇ॥** [ਆਸਾ ਮਹਲਾ ੫, ਅੰਗ ੩੭੩]

ਭਾਵੇਂ ਸਾਰੀ ਸ੍ਰਿਸ਼ਟੀ ਦਾ ਰਾਜਾ ਹੋਵੇ ਉਹ ਵੀ ਦੁਖੀ ਹੈ।

ਯਥਾ— **ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥**

ਸੁਖੀ ਹੋਣ ਲਈ ਪ੍ਰਮਾਤਮਾ ਦੇ ਨਾਮ ਦਾ ਚਿੰਤਨ ਹੈ।

ਯਥਾ— **ਹਰਿ ਕਾ ਨਾਮੁ ਜਪਤ ਹੋਇ ਸੁਖੀਆ॥** [ਗਉੜੀ ਮਹਲਾ ੫, ਅੰਗ ੨੬੪]

**ਸਾਖੀ ਇੱਕ ਸੰਤ ਤੇ ਰਾਜੇ ਦੀ—**ਇਕ ਸ਼ਹਿਰ ਦੇ ਬਾਹਰ ਕੋਈ ਪੂਰਨ ਸੰਤ ਰਹਿਣ ਲੱਗ ਪਏ, ਸੰਤਾਂ ਦੀ ਮਹਿਮਾ ਸੁਣਕੇ ਬਹੁਤ ਲੋਕ ਦਰਸ਼ਨ ਕਰਨ ਆਉਣ ਲੱਗ ਪਏ। ਇੱਕ ਦਿਨ ਸ਼ਹਿਰ ਦੇ ਲੋਕਾਂ ਨੇ ਰਾਜੇ ਨੂੰ ਭੀ ਪ੍ਰੇਰਨਾ ਕੀਤੀ ਕਿ ਤੂੰ ਦਰਸ਼ਨ ਕਰਨ ਚੱਲ। ਮਹਾਂਪੁਰਸ਼ ਬਹੁਤ ਸੋਹਣੇ ਪ੍ਰਵਚਨ ਅਤੇ ਕਥਾ ਕਰਦੇ ਹਨ ਤੇ ਆਪ ਜੀ ਵੀ ਸੁਣੋ। ਤਾਂ ਰਾਜੇ ਨੇ ਕਿਹਾ ਮੈਂ ਤਾਂ ਸਭ ਕੁਝ ਜਾਣਦਾ ਹਾਂ, ਮੈਂ ਕਥਾ ਨਹੀਂ ਸੁਣਨੀ। ਫਿਰ ਭੀ ਸਿਆਣੇ-ਸਿਆਣੇ ਪੁਰਸ਼ਾਂ ਦੇ ਕਹਿਣ ਤੋਂ ਰਾਜਾ ਦਰਸ਼ਨ ਕਰਨ ਚਲਾ ਗਿਆ। ਤਾਂ ਸੰਤ ਕਥਾ ਸਮਾਪਤ ਕਰਕੇ ਇੱਕ ਖ਼ੂਹ ਪਾਸ ਖੜ੍ਹੇ ਸਨ। ਇਹ ਰਾਜਾ ਟਿੰਡ ਵਿੱਚ ਹੱਥ ਪਾ ਕੇ ਫਰਸ਼ 'ਤੇ ਘਸਾਈ ਜਾਵੇ।

ਯਥਾ— **ਕੂਚੇ ਕਾਰੇ ਬਹੁਤ ਘਸਾਵਹਿ ਪੁਨਹਿ ਲਗਾਵਹਿ ਪਾਣੀ॥**
**ਜਿਸ ਕਾਰਣ ਤੂੰ ਬਹੁਤ ਘਸਾਵਹਿ ਸੋਈ ਬਾਤ ਹਮ ਜਾਨੀ॥** [ਲੌਕਿਕ ਪ੍ਰਮਾਣ]

ਇਹ ਸੰਤਾਂ ਦੇ ਬਹੁਤ ਰਸੀਲੇ ਬਚਨ ਰਾਜੇ ਨੇ ਕੰਠ ਕਰ ਲਏ, ਕੁਝ ਸਮਾਂ ਪਾਕੇ ਰਾਜੇ ਦੀਆਂ ਰਗਾਂ ਵਿੱਚ ਫੋੜਾ ਨਿਕਲ ਆਇਆ। ਅਨੇਕਾਂ ਇਲਾਜ ਕੀਤੇ ਪਰ ਆਰਾਮ ਨਾ ਆਇਆ ਤਾਂ ਕਿਸੇ ਹਕੀਮ ਨੇ ਦੱਸਿਆ ਕਿ ਕਿਸੇ ਨਾਈ ਪਾਸੋਂ ਚੀਰਾ ਦੁਆ, ਫਿਰ ਰਾਜੀ ਹੋ ਜਾਏਂਗਾ। ਰਾਜੇ ਨੇ ਨਾਈ ਨੂੰ ਬੁਲਾ ਕੇ ਹੁਕਮ ਕੀਤਾ ਕਿ ਕੱਲ੍ਹ ਨੂੰ ਮੇਰੇ ਫੋੜੇ ਨੂੰ ਚੀਰਾ ਦੇਣਾ ਹੈ। ਨਾਈ ਨੇ ਹੁਕਮ ਪ੍ਰਵਾਨ ਕਰ ਲਿਆ ਤੇ ਚਲਾ ਗਿਆ। ਰਾਜੇ ਦੇ ਛੋਟੇ ਭਰਾ ਨੂੰ ਪਤਾ ਲੱਗਾ ਕਿ ਕਲ੍ਹ ਨੂੰ ਰਾਜੇ ਦੇ ਫੋੜੇ ਨੂੰ ਨਾਈ ਨੇ ਚੀਰਾ ਦੇਣ ਹੈ। ਉਸ ਨੇ ਨਾਈ ਨੂੰ ਪੰਜਾਹ ਰੁਪਏ ਦਿੱਤੇ ਕਿਹਾ ਕਿ, ਥੋੜ੍ਹੀ ਜਿਹੀ ਸਾਹ ਰਗ ਵੱਢ ਦੇਣੀ ਤੈਨੂੰ ਕਿਹੜਾ ਕਿਸੇ ਨੇ ਪੁੱਛਣਾ ਹੈ। ਰਾਜੇ ਨੂੰ ਮਾਰ ਦੇਈਂ ਫੇਰ ਹੋਰ ਧਨ ਮੈਂ ਬਹੁਤ ਦੇਵਾਂਗਾ। ਤਾਂ ਨਾਈ ਨੇ ਲੋਭ ਵਿੱਚ ਆ ਕੇ ਮੰਨ ਲਿਆ। ਦੂਜੇ ਦਿਨ ਰਾਜੇ ਪਾਸ ਨਾਈ ਆਇਆ ਅਤੇ ਲੱਗਾ ਆਪਣੇ ਉਸਤਰੇ ਨੂੰ ਚਮੜੇ ਤੇ ਤਿੱਖਾ ਕਰਨ, ਇੱਕ ਵਾਰੀ ਘਸਾਇਆ ਤੇ ਫੇਰ ਦੂਜੀ ਵਾਰ ਘਸਾਇਆ, ਰਾਜੇ ਨੂੰ ਸੁਭਾਵਿਕ ਹੀ ਸੰਤਾਂ ਦਾ ਕੀਤਾ ਬਚਨ ਯਾਦ ਆਇਆ ਤੇ ਮੁਖੋਂ ਬੋਲਣ ਲੱਗਾ।

PDF created with pdfFactory Pro trial version www.pdffactory.com

ਯਥਾ— **ਕੂਚੇ ਕਾਚੇ ਬਹੁਤ ਘਸਾਵਹਿ ਪੁਨਹਿ ਲਗਾਵਹਿ ਪਾਨੀ॥**
**ਜਿਸ ਕਾਰਣ ਨੂੰ ਬਹੁਤ ਘਸਾਵਹਿ ਸੋਈ ਬਾਤ ਹਮ ਜਾਨੀ॥**

ਤਾਂ ਨਾਈ ਦਾ ਦਿਲ ਕੰਬ ਗਿਆ ਤੇ ਫਿਰ ਆਪਣੇ ਦਿਲ ਨੂੰ ਕਾਇਮ ਕਰਕੇ ਘਸਾਉਣ ਲੱਗਾ ਤਾਂ ਰਾਜਾ ਉਸੇ ਤਰ੍ਹਾਂ ਮੁਖ ਤੋਂ ਬੋਲਣ ਲੱਗਾ ਤਾਂ ਨਾਈ ਠਠੰਬਰ (ਭੈ-ਭੀਤ) ਗਿਆ ਤੇ ਕਿਹਾ, "ਰਾਜਨ ਮੇਰਾ ਕੋਈ ਕਸੂਰ ਨਹੀਂ, ਕਸੂਰ ਤੁਹਾਡੇ ਭਰਾ ਦਾ ਹੈ। ਉਸਨੇ ਮੈਨੂੰ ਕਿਹਾ ਹੈ ਕਿ ਫੋੜਾ ਕੱਟਣ ਵੇਲੇ ਸਾਹ ਰਗ ਵੱਢ ਦੇਣੀ। ਇਹ ਗੱਲ ਸੁਣ ਕੇ ਰਾਜਾ ਹੈਰਾਨ ਹੋ ਗਿਆ ਤੇ ਆਪਣੇ ਭਰਾ ਨੂੰ ਹੁਕਮ ਦੇ ਕੇ ਕੈਦ ਕਰ ਲਿਆ। ਕੁਝ ਦਿਨਾਂ ਬਾਅਦ ਰਾਜਾ ਤੰਦੁਰਸਤ ਹੋ ਗਿਆ। ਫੇਰ ਰਾਜੇ ਨੇ ਆਪਣੀ ਸਭਾ ਦੇ ਸਾਰੇ ਮੁਖੀ ਸਿਆਣਿਆਂ ਦੀ ਸਭਾ ਬੁਲਾਈ ਅਤੇ ਸਾਰੀ ਵਾਰਤਾ ਦੱਸੀ ਅਤੇ ਹੁਕਮ ਕੀਤਾ ਕਿ ਤੁਸੀਂ ਹਰ ਰੋਜ਼ ਸਤਸੰਗਤਿ ਮਿਲਕੇ ਕਰਿਆ ਕਰੋ ਕਿਉਂਕਿ ਸਤਸੰਗਤ ਦੇ ਸੁਤੇ ਸਿੱਧ ਵਚਨ ਵੀ ਲੋਕ, ਪ੍ਰਲੋਕ ਵਿੱਚ ਕੰਮ ਆਉਂਦੇ ਹਨ। ਸਤਸੰਗਤਿ ਬਿਨਾਂ; ਮੁਕਤੀ ਤੇ ਗਿਆਨ ਪ੍ਰਾਪਤ ਨਹੀਂ ਹੁੰਦਾ ਕਿਉਂਕਿ :

ਯਥਾ— **ਬੇਦ ਸਿੰਮ੍ਰਿਤਿ ਕਥੈ ਸਾਸਤ ਭਗਤ ਕਰਹਿ ਬੀਚਾਰੁ॥**
**ਮੁਕਤਿ ਪਾਈਐ ਸਾਧਸੰਗਤਿ ਬਿਨਸਿ ਜਾਇ ਅੰਧਾਰੁ॥** [ਧਨਾਸਰੀ ਮਹਲਾ ੫, ਅੰਗ ੬੭੫]

ਇਸ ਲਈ ਪ੍ਰਮੇਸ਼ਰ ਅਤੇ ਉਸ ਦੇ ਗੁਣ ਸਾਧਸੰਗਤਿ ਵਿੱਚ ਹੀ ਪ੍ਰਾਪਤ ਹੁੰਦੇ ਹਨ। ਪ੍ਰਸ਼ਨ ਕਿ ਉਹ ਵਾਹਿਗੁਰੂ ਧਨੀ ਪ੍ਰਮੇਸ਼ਰ ਮਨੁੱਖਾ ਸਰੀਰ ਰੂਪੀ ਜੇਠ ਦੇ ਮਹੀਨੇ ਵਿੱਚ ਕਿਸਨੂੰ ਪ੍ਰਾਪਤ ਹੁੰਦਾ ਹੈ। ਉੱਤਰ :

## *ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥੪॥*

ਹਰੀ ਪ੍ਰਮੇਸ਼ਰ ਧਣੀ=ਸੁਆਮੀ, ਮਾਲਕ (ਇਹ ਸਿੰਧੀ ਬੋਲੀ ਵਿੱਚ ਧਨੀ ਦਾ ਅਰਥ ਮਾਲਕ ਹੈ) ਰੰਗੀਲਾ=ਅਨੰਦਾਇਕ ਭਾਵ ਅਨੰਦ ਦਾ ਘਰ ਹੈ। ਵਾ—ਉਹੀ ਅਨੰਦ ਦਾ ਘਰ ਹੁੰਦਾ ਹੈ, ਜਿਸਦੇ ਮੱਥੇ ਦੇ ਚੰਗੇ ਭਾਗ ਹਨ। ਮਨੁੱਖਾ ਸਰੀਰ ਰੂਪੀ ਜੇਠ ਦਾ ਮਹੀਨਾ ਰੰਗੀਲਾ=ਅਨੰਦ ਦੇਣ ਵਾਲਾ ਹੈ। ਜਿਸ ਕੋਲ ਨਾਮ ਰੂਪੀ ਧਨ ਹੈ, ਜਿਸ ਦੇ ਮੱਥੇ ਦੇ ਭਾਵ ਸ੍ਰੇਸ਼ਟ ਹਨ, ਉਹੀ ਸੱਚੇ ਨਾਮ ਰੂਪੀ ਧਨ ਨੂੰ ਪਾ ਕੇ ਧਨੀ ਹੋਇਆ ਹੈ।

ਯਥਾ—੧. **ਭਾਗਠੜੇ ਹਰਿ ਸੰਤ ਤੁਮ੍ਹਾਰੇ ਜਿਨ੍ ਘਰਿ ਧਨੁ ਹਰਿ ਨਾਮਾ॥**
**ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥** [ਸੂਹੀ ਮਹਲਾ ੫, ਅੰਗ ੭੪੮]

੨. **ਨਾਮ ਧਨੁ ਜਿਸੁ ਜਨ ਕੈ ਪਾਲੈ ਸੋਈ ਪੂਰਾ ਸਾਹਾ॥**
**ਨਾਮ ਬਿਉਹਾਰਾ ਨਾਨਕ ਆਧਾਰਾ ਨਾਮੁ ਪਰਾਪਤਿ ਲਾਹਾ॥**
[ਧਨਾਸਰੀ ਮਹਲਾ ੫, ਅੰਗ ੬੮੦]

ਅਥਵਾ ਮਨੁੱਖੀ ਸਰੀਰ ਰੂਪੀ ਜੇਠ ਦਾ ਮਹੀਨਾ ਉਨ੍ਹਾਂ ਦਾ ਸਫਲਾ ਹੈ, ਵਾ—ਅਨੰਦਾਇਕ ਹੈ, ਜਿਨ੍ਹਾਂ ਪਾਸ ਬੈਰਾਗ ਰੂਪੀ ਧਨ ਹੈ। ਬੈਰਾਗ ਉਨ੍ਹਾਂ ਦੇ ਪਾਸ ਹੈ, ਜਿਨ੍ਹਾਂ ਦੇ ਮੱਥੇ ਦੇ ਭਾਗ ਸ੍ਰੇਸ਼ਟ ਹਨ।

ਯਥਾ— **ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥**
**ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥** [ਸਲੋਕ ਮਹਲਾ ੯, ਅੰਗ ੧੪੨੭]

ਜੋ ਜੇਠ ਦੇ ਮਹੀਨੇ ਰੂਪ ਤਰ-ਤੀਬਰ ਤਰ ਤਮ-ਬੈਰਾਗ ਦੇ ਸਹਿਤ ਹਨ।

ਯਥਾ— **ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕੁ ਜੀਜੈ॥** [ਕਲਿਆਨੁ ਮਹਲਾ ੫, ਅੰਗ ੧੩੨੧]

ਉਹ ਬੇਸਬਰ, ਬੇਚੈਨ ਹਨ। ਪਰਮਾਤਮਾ ਦੀ ਪ੍ਰਾਪਤੀ ਤੋਂ ਬਿਨਾਂ ਕਿਸੇ ਪਦਾਰਥ ਤੇ ਲੁਭਾਇਮਾਨ ਨਹੀਂ ਹੁੰਦੇ ਉਨ੍ਹਾਂ ਦੀ ਬਾਬਤ ਕਥਨ ਹੈ।

PDF created with pdfFactory Pro trial version www.pdffactory.com

ਯਥਾ— **ਜੇ ਧਰਤੀ ਸਭ ਕੰਚਨੁ ਕਰਿ ਦੀਜੈ ਬਿਨੁ ਨਾਵੈ ਅਵਰੁ ਨਾ ਭਇਆ ਰਾਮ ॥**

[ਆਸਾ ਮਹਲਾ ੪, ਅੰਗ ੪੪੪]

ਸੋ ਇਸ ਲਈ ਸਤਿਗੁਰੂ ਜੀ ਨੇ ਅਖ਼ੀਰਲੀ ਤੁਕ ਵਿੱਚ ਸਾਧਸੰਗਤਿ ਕਰਨ ਦੀ ਸਿਖਿਆ ਦੇ ਕੇ ਔਰ ਸਾਧਸੰਗਤਿ ਦੁਆਰਾ ਪ੍ਰਮੇਸ਼ਰ ਦੀ ਪ੍ਰਾਪਤੀ ਦਾ ਅਨੰਦ ਮੱਥੇ ਦੇ ਵੱਡੇ ਭਾਗਾਂ ਦੀ ਨਿਸ਼ਾਨੀ ਦੱਸ ਕੇ; ਜੇਠ ਦੇ ਮਹੀਨੇ ਦੁਆਰਾ ਆਪਣੀ ਅੰਮ੍ਰਿਤ ਰੂਪ ਸਿਖਿਆ ਦੀ ਸਮਾਪਤੀ ਕੀਤੀ ਹੈ ਅਤੇ ਦੱਸਿਆ ਹੈ ਕਿ ਹਰ ਜੀਵ ਨੂੰ ਸਤਸੰਗਤਿ ਕਰਨੀ ਚਾਹੀਦੀ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

PDF created with pdfFactory Pro trial version www.pdffactory.com

[ਆਦਿ ਅੰਗ ੧੩੪]

***ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥ ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥ ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥ ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥ ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥ ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥ ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥ ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥ ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥***

**ਹਾੜ—**ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹਮਾਹ ਵਿੱਚ ਹਾੜ ਦੇ ਮਹੀਨੇ ਦੁਆਰਾ ਉਪਦੇਸ਼ ਬਖ਼ਸ਼ਿਸ਼ ਕਰਨ ਲੱਗੇ ਹਨ। ਗ੍ਰੀਖਮ ਰੁੱਤ ਦਾ ਦੂਸਰਾ ਮਹੀਨਾ ਹਾੜ ਹੈ।

ਯਥਾ— **ਗ੍ਰੀਖਮ ਰੁਤਿ ਅਤਿ ਗਾਖੜੀ ਜੇਠ ਅਖਾੜੈ ਘਾਮ ਜੀਉ ॥** [ਰਾਮਕਲੀ ਮਹਲਾ ੫, ਅੰਗ ੯੨੮]

ਹਾੜ ਦਾ ਮਹੀਨਾ ਸੂਰਜ ਦੀ ਤਪਸ਼ ਦਾ ਜੋਬਨ ਹੈ। ਤਪਸ਼ ਦੋ ਤਰ੍ਹਾਂ ਦੀ ਹੈ, ਇੱਕ ਬਾਹਝ ਤੇ ਇੱਕ ਅੰਤ੍ਰੀਵ। ਇਸ ਤਪਸ਼ ਤੋਂ ਛੁਟਕਾਰਾ ਕਿਵੇਂ ਹੋਵੇ? ਇਸ ਪ੍ਰਸ਼ਨ ਦੇ ਉੱਤਰ ਵਿੱਚ ਪਾਵਨ ਉਪਦੇਸ਼ ਕਥਨ ਕਰਦੇ ਹਨ।

## ***ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥***

ਹਾੜ ਦੇ ਮਹੀਨੇ ਦੀ ਬਾਹਰੀ ਤਪਸ਼ ਨੂੰ ਲੈ ਕੇ ਸਤਿਗੁਰੂ ਜੀ ਫ਼ੁਰਮਾਨ ਕਰਦੇ ਹਨ ਕਿ ਹਾੜ ਦੇ ਮਹੀਨੇ ਦੀ ਤਪਸ਼ ਉਹਨਾਂ ਨੂੰ ਤਪਾਉਂਦੀ ਹੈ, ਜਿਨ੍ਹਾਂ ਕੋਲ ਹਰਿ=ਪ੍ਰਮੇਸ਼ਰ, ਵਾਹਿਗੁਰੂ ਰੂਪ ਨਾਹੁ=ਪਤੀ ਪ੍ਰਮੇਸ਼ਰ ਦਾ ਨਾਮ ਹਿਰਦੇ ਵਿੱਚ ਨਹੀਂ ਹੈ। ਜਿਨ੍ਹਾਂ ਦੇ ਹਿਰਦੇ ਵਿੱਚ ਨਾਮ ਹੈ, ਉਹਨਾਂ ਨੂੰ ਬਾਹਰਲੀ ਤਪਸ਼ ਸਾੜ ਨਹੀਂ ਸਕਦੀ, ਜੈਸਾ ਕਿ ਹਰਨਾਖਸ਼ ਦੇ ਅਨੇਕਾਂ ਜਤਨ ਪ੍ਰਹਲਾਦ ਨੂੰ ਅੱਗ ਵਿੱਚ ਸਾੜਨ ਦੇ ਅਸਫਲ ਹੋ ਗਏ ਕਿਉਂਕਿ ਉਸ ਦੇ ਹਿਰਦੇ ਵਿੱਚ ਪਤੀ ਪ੍ਰਮਾਤਮਾ ਦਾ ਨਾਮ ਸੀ ਜੈਸਾ ਕਿ ਭਾਈ ਗੁਰਦਾਸ ਕਥਨ ਕਰਦੇ ਹਨ:

ਯਥਾ— **ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ ॥**
[ਭਾਈ ਗੁਰਦਾਸ ਜੀ ਵਾਰ ੧੦, ਪਉੜੀ ੨]

ਇਸੇ ਤਰ੍ਹਾਂ ਸੀਤਾ ਦਾ ਅਗਨ ਪ੍ਰੀਖਸ਼ਾ ਦੌਰਾਨ ਨਾ ਸੜਨਾ ਵੀ ਇਸ ਗੱਲ ਦਾ ਸਬੂਤ ਹੈ ਕਿ ਉਸ ਦੇ ਹਿਰਦੇ ਵਿੱਚ ਪਤੀ ਪ੍ਰਮੇਸ਼ਰ ਦਾ ਨਾਮ ਸੀ। ਭਾਈ ਮਰਦਾਨਾ ਕੌਡੇ ਦੇ ਤਪਦੇ ਕੜਾਹੇ ਤੋਂ ਬਚਿਆ ਤਾਂ ਹਿਰਦੇ ਵਿੱਚ ਗੁਰੂ ਨਾਨਕ ਦੇ ਨਾਮ ਦੀ ਹੀ ਸ਼ਕਤੀ ਸੀ ਇਸ ਲਈ ਨਾਮ ਦੀ ਲਾਜ ਪਾਲਦੇ ਹੋਏ:

ਯਥਾ— **ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ ॥** [ਮਾਰੂ ਮਹਲਾ ੫, ਅੰਗ ੧੦੦੨]

ਭਾਈ ਬਿਧੀ ਚੰਦ ਦਾ ਭੱਠ ਵਿੱਚ ਬੈਠਣਾ ਜੋ ਇਤਿਹਾਸ ਵਿੱਚ ਪ੍ਰਸਿੱਧ ਹੈ, ਕਿ ਭੱਠ ਵਿੱਚ ਬੈਠ ਕੇ ਵੀ ਅਗਨ ਦਾ ਸੇਕ ਨਾ ਲਗਣਾ ਹਿਰਦੇ ਵਿੱਚ ਪ੍ਰਮੇਸ਼ਰ ਦੇ ਨਾਮ ਦੀ ਸ਼ਕਤੀ ਨੂੰ ਪ੍ਰਗਟਾਉਂਦਾ ਹੈ।

ਯਥਾ— **੧. ਕਲਿ ਤਾਤੀ ਠਾਂਢਾ ਹਰਿ ਨਾਉ ॥** [ਗਉੜੀ ਮਹਲਾ ੫, ਅੰਗ ੨੮੮]

**੨. ਗੁਰ ਕਾ ਬਚਨ ਬਸੈ ਜੀਅ ਨਾਲੇ ॥**
**ਜਲਿ ਨਹੀ ਡੂਬੈ ਤਸਕਰੁ ਨਹੀ ਲੇਵੈ ਭਾਹਿ ਨ ਸਾਕੈ ਜਾਲੇ ॥**
[ਧਨਾਸਰੀ ਮਹਲਾ ੫, ਅੰਗ ੬੭੯]

PDF created with pdfFactory Pro trial version www.pdffactory.com

**੩. ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥** [ਵਾਰ ਮਲਾਰ ਮਹਲਾ ੧, ਅੰਗ ੧੨੯੧]

ਇਸ ਤੋਂ ਉਲਟ ਬਾਹਰ ਦੀ ਤਪਸ਼ ਉਨ੍ਹਾਂ ਨੂੰ ਸਾੜ ਰਹੀ ਹੈ, ਜਿਨ੍ਹਾਂ ਦੇ ਹਿਰਦੇ ਵਿੱਚ ਪਤੀ-ਪ੍ਰਮੇਸ਼ਰ ਦਾ ਨਾਮ ਨਹੀਂ ਹੈ।

ਯਥਾ— **ਹਰਿ ਬਿਨੁ ਜੀਉ ਜਲਿ ਬਲਿ ਜਾਉ ॥** [ਸਿਰੀਰਾਗੁ ਮਹਲਾ ੧, ਅੰਗ ੧੪]

ਹਾੜ ਦਾ ਮਹੀਨਾ ਐਸਾ ਤਪਸ਼ ਦਾ ਮਹੀਨਾ ਹੈ ਕਿ ਤਲਾਵਾਂ, ਖ਼ੂਹਾਂ, ਸੋਮਿਆਂ ਦਾ ਪਾਣੀ ਸੁਕ ਜਾਂਦਾ ਹੈ। ਜਲ ਵਿੱਚ ਰਹਿਣ ਵਾਲੇ ਜੀਵ ਮੱਛੀ ਆਦਿਕ ਦੁਖੀ ਹੋ ਜਾਂਦੇ ਹਨ।

ਯਥਾ— **ਆਸਾੜੁ ਭਲਾ ਸੂਰਜੁ ਗਗਨਿ ਤਪੈ ॥** [ਤੁਖਾਰੀ ਮਹਲਾ ੧, ਅੰਗ ੧੧੦੮]

ਇਸ ਮਹੀਨੇ ਵਾਵਰੋਲੇ ਉਡਦੇ ਹਨ। ਸਾਰੇ ਪਾਸੇ ਤਪਸ਼ ਕਰਕੇ ਭਖਲਾਉਂਦੇ ਨਜ਼ਰ ਆਉਂਦੇ ਹਨ, ਇਸ ਲਈ ਇਸ ਨੂੰ ਅਸਾੜ ਕਿਹਾ ਕਿ ਸਾਰੇ ਪਾਸੇ ਤੋਂ ਅ-ਆ ਕਰਕੇ ਸਾੜ ਪੈ ਰਿਹਾ ਹੈ। ਇਸ ਤਪਸ਼ ਤੋਂ ਬਚਣ ਵਾਸਤੇ ਲੋਕ ਠੰਢ ਦੀ ਪ੍ਰਾਪਤੀ ਲਈ ਬਰਫਾਨੀ ਇਲਾਕਿਆਂ ਵਿੱਚ ਚਲੇ ਜਾਂਦੇ ਹਨ। ਸੂਰਜ ਦੀਆਂ ਕਿਰਨਾਂ ਨਾਲ ਰੇਤ ਚਮਕਦਾ ਅਤੇ ਅੱਗ ਵਾਂਗ ਤਪਦਾ ਹੈ, ਜੋ ਮਿਰਗ ਨੂੰ ਪਾਣੀ ਦਾ ਭੁਲੇਖਾ ਪਾਉਂਦਾ ਹੈ। ਪਿਆਸ ਬੁਝਾਉਣ ਲਈ ਮਿਰਗ ਦੌੜਦੇ ਹਨ। ਦੌੜਦੇ-ਦੌੜਦੇ ਮਰ ਜਾਂਦੇ ਹਨ ਪਰ ਪਾਣੀ ਪ੍ਰਾਪਤ ਨਹੀਂ ਹੁੰਦਾ। ਅੰਤ੍ਰੀਵ : ਮਨੁੱਖਾ ਸਰੀਰ ਰੂਪੀ ਹਾੜ ਦੇ ਮਹੀਨੇ ਵਿੱਚ ਅਗਿਆਨ ਰੂਪ ਸੂਰਜ ਚਮਕ ਰਿਹਾ ਹੈ। ਪਾਣੀ ਥੋੜ੍ਹਾ ਹੋਣ ਦੀ ਤਰ੍ਹਾਂ ਥੋੜ੍ਹੀ ਵੀਚਾਰ ਵਾਲੇ ਜੀਵ ਘਬਰਾਉਂਦੇ ਹਨ। ਸ਼ਾਂਤੀ ਰੂਪੀ ਪਾਣੀ ਸੁਕ ਗਿਆ ਹੈ। ਵਰੋਲਿਆਂ ਦੀ ਤਰ੍ਹਾਂ ਗੁਰਮਤਿ ਤੋਂ ਬਿਨਾਂ ਮਨਮਤ ਵਿੱਚ ਭਰਮਦੇ ਹਨ। ਆਸਾਂ ਦੇ ਭੱਖ ਲੱਗ ਰਹੇ ਹਨ। ਰਾਗ ਦਵੈਸ਼ ਰੂਪੀ ਧੁੱਪ ਤੋਂ ਬਚਣ ਵਾਸਤੇ ਜਗਿਆਸੂ ਜਨ ਸਤਿਸੰਗਤਿ ਦੀ ਸ਼ਰਨ ਰੂਪੀ ਛਾਂ ਲੈ ਕੇ ਸ਼ਾਂਤੀ ਰੂਪੀ ਠੰਢ ਨੂੰ ਪ੍ਰਾਪਤ ਕਰਦੇ ਹਨ। ਅਗਿਆਨ ਰੂਪ ਸੂਰਜ ਆਸਾ ਰੂਪੀ ਕਿਰਨਾਂ ਨੂੰ ਜੋਬਣ ਨਾਲ ਜੀਵਾਂ ਉੱਤੇ ਪਾ ਕੇ ਜੀਵਾਂ ਨੂੰ ਘਾਇਲ ਕਰ ਰਿਹਾ ਹੈ। ਆਸਾ ਰੂਪ ਕਿਰਨਾਂ ਜਦੋਂ ਪਦਾਰਥਾਂ ਰੂਪ ਰੇਤ 'ਤੇ ਪੈਂਦੀਆਂ ਹਨ ਤਾਂ ਉਹ ਚਮਕਦੇ ਹਨ ਤੇ ਜੀਵ ਨੂੰ ਤ੍ਰਿਸ਼ਨਾ ਰੂਪ ਪਿਆਸ ਲੱਗੀ ਹੋਣ ਕਰਕੇ ਸੱਚੇ ਜਾਪਦੇ ਹਨ ਤੇ ਪਦਾਰਥਾਂ ਦੀ ਪ੍ਰਾਪਤੀ ਵਾਸਤੇ ਦੌੜਦੇ-ਦੌੜਦੇ ਮਰ ਜਾਂਦੇ ਹਨ ਪਰ ਪਦਾਰਥਾਂ ਰੂਪ ਪਾਣੀ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦਾ। ਪਰ ਜੇ ਹਾੜ ਦੇ ਮਹੀਨੇ ਬਾਰਸ਼ ਹੋ ਜਾਵੇ ਤਾਂ ਸਾਰੇ ਲੋਕ ਸੁਖੀ ਹੋ ਜਾਂਦੇ ਹਨ। ਸੋ ਜੀਵਾਂ ਨੂੰ ਤਪਦੇ ਦੇਖਕੇ ਅਕਾਲ ਪੁਰਖ ਨੇ ਆਪ ਗੁਰੂ ਨਾਨਕ ਦਾ ਰੂਪ ਧਾਰਨ ਕੀਤਾ।

ਯਥਾ— **੧. ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥**
[ਭਾਈ ਗੁਰਦਾਸ ਵਾਰ ੧, ਪਉੜੀ ੨੩]

**੨. ਘਨੁ ਗਰਜਤ ਗੋਬਿੰਦ ਰੂਪ ॥** [ਮਲਾਰ ਮਹਲਾ ੫, ਅੰਗ ੧੨੭੨]

ਇਸ ਤਰ੍ਹਾਂ ਪ੍ਰਮੇਸ਼ਰ ਬਦਲ ਦੀ ਨਿਆਈਂ ਹੋ ਕੇ ਸੰਸਾਰ ਵਿੱਚ ਆਇਆ। ਬੱਦਲ ਗਰਜਦੇ ਹਨ ਇਸੇ ਤਰ੍ਹਾਂ ਰਬਾਬ ਸਹਿਤ ਕੀਰਤਨ ਦੀ ਗਰਜ ਪੈ ਰਹੀ ਹੈ। ਜਿਵੇਂ ਬੱਦਲ ਵਿੱਚ ਬਿਜਲੀ ਚਮਕਦੀ ਹੈ ਇਸੇ ਤਰ੍ਹਾਂ ਸਤਿਗੁਰੂ ਜੀ ਸਤੋ ਮਈ ਬਿਰਤੀ ਵਿੱਚ ਭਗਤੀ ਦਾ ਪ੍ਰਕਾਸ਼ ਕਰਦੇ ਹਨ। ਕਾਲੇ ਸੱਪ ਬਿਜਲੀ ਤੋਂ ਭੈ-ਭੀਤ ਹੁੰਦੇ ਹਨ, ਇਉਂ ਕਾਲੇ ਮਨਾਂ ਵਾਲੇ ਵਿਸ਼ਿਆਂ ਰੂਪ ਜ਼ਹਿਰ ਵਾਲੇ ਵਾ—ਜੋ ਕਾਲੇ ਜੰਤਰਾਂ-ਮੰਤਰਾਂ ਵਾਲੇ ਪੁਰਸ਼ ਹਨ ਉਹ ਭਗਤੀ ਰੂਪ ਕੀਰਤਨ ਨੂੰ ਸੁਣ ਕੇ ਭੈ-ਭੀਤ ਹੋ ਜਾਂਦੇ ਹਨ। ਸਤਿਗੁਰੂ ਜੀ ਨੇ ਨਾਮ ਰੂਪ ਬਾਣੀ ਦੀ ਵਰਖਾ ਕੀਤੀ। ਜਿਵੇਂ ਜਲ ਨੀਵੇਂ ਥਾਵਾਂ 'ਤੇ ਰਹਿੰਦਾ ਹੈ। ਇਸ ਤਰ੍ਹਾਂ ਇਹ ਬਾਣੀ ਵੀ ਨੀਵੇਂ ਮਨਾਂ ਵਾਲੇ ਗੁਰਮੁਖਾਂ ਦੇ ਹਿਰਦਿਆਂ ਵਿੱਚ ਨਿਵਾਸ ਕਰਦੀ ਹੈ। ਜਿਨ੍ਹਾਂ ਦੇ ਹਿਰਦੇ ਵਿੱਚ ਨਾਮ ਰੂਪ ਬਾਣੀ ਵਸਦੀ ਹੈ, ਉਹਨਾਂ ਦੇ ਹਿਰਦੇ ਸੀਤਲ, ਸ਼ਾਂਤ ਹੋ ਜਾਂਣੇ ਹਨ।

ਯਥਾ— **ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥** [ਵਾਰ ਜੈਤਸਰੀ ਮਹਲਾ ੫, ਅੰਗ ੭੦੯]

PDF created with pdfFactory Pro trial version www.pdffactory.com

ਪਰ ਜੋ ਪੁਰਸ਼ ਮਨ ਨੀਵਾਂ ਕਰਕੇ ਨਾਮ ਵਿੱਚ ਨਹੀਂ ਜੁੜਦੇ ਹਨ ਉਹਨਾਂ ਨੂੰ ਸਾਰੇ ਪਾਸੇ ਤੋਂ ਸਾੜ ਪੈ ਰਿਹਾ ਹੈ। ਉਨ੍ਹਾਂ ਦੇ ਹਿਰਦੇ ਵਾਸ਼ਨਾ ਰੂਪੀ ਅੱਗ ਨਾਲ ਸੜ ਰਹੇ ਹਨ।

## *ਹਰਿ ਨਾਹੁ ਨ ਜਿੰਨਾ ਪਾਸਿ ॥*

ਉਹ ਪੁਰਸ਼ ਜਿਉਂਦੇ ਨਹੀਂ ਹਨ ਜਿਨ੍ਹਾਂ ਨੂੰ ਹਰਿ=ਪ੍ਰਮੇਸ਼ਰ ਪ੍ਰਾਪਤ ਨਹੀਂ ਹੈ। ਬਾਹਰਲੇ ਪਤੀ ਤਾਂ ਨਿਤ ਹੀ ਮਰ-ਮਰ ਕੇ ਤੁਰੇ ਜਾ ਰਹੇ ਹਨ। ਕੋਈ ਅਸਥਿਰ ਰਹਿਣ ਵਾਲਾ ਨਹੀਂ। ਜੋ ਜਗਿਆਸੂ ਰੂਪ ਇਸਤ੍ਰੀਆਂ ਪਤੀ-ਪ੍ਰਮਾਤਮਾ ਤੋਂ ਵਿਛੜੀਆਂ ਹੋਈਆਂ ਹਨ ਉਨ੍ਹਾਂ ਨੂੰ ਸੰਸਾਰ ਦੀ ਕੋਈ ਚੀਜ਼ ਚੰਗੀ ਨਹੀਂ ਲਗਦੀ। ਚਾਂਦਨੀ ਰਾਤ ਦੀਆਂ ਕਿਰਨਾਂ ਜੋ ਸਭ ਨੂੰ ਚੰਗੀਆਂ ਲਗਦੀਆਂ ਹਨ ਪਰ ਜਿਨ੍ਹਾਂ ਨੂੰ ਪਤੀ-ਪ੍ਰਮੇਸ਼ਰ ਪ੍ਰਾਪਤ ਨਹੀਂ ਉਨ੍ਹਾਂ ਨੂੰ ਉਹ ਕਿਰਨਾਂ ਦੁਖਦਾਈ ਪ੍ਰਤੀਤ ਹੁੰਦੀਆਂ ਹਨ। ਜਿਸ ਤਰ੍ਹਾਂ ਪਤੀਬ੍ਰਤਾ ਔਰਤ ਦਾ ਜਸ ਦਾਦਕੇ-ਸਹੁਰੇ ਕਰਦੇ ਹਨ, ਇਸੇ ਤਰ੍ਹਾਂ ਸੱਚੇ ਜਗਿਆਸੂ ਦਾ ਲੋਕ ਪ੍ਰਲੋਕ ਵਿੱਚ ਜਸ ਹੁੰਦਾ ਹੈ। ਐਸੀ ਜਗਿਆਸੂ ਰੂਪ ਇਸਤਰੀ ਆਸਾ ਰੂਪੀ ਦਿਰਾਣੀ ਤੇ ਤ੍ਰਿਸ਼ਨਾ ਰੂਪ ਜਿਠਾਣੀ ਨੂੰ ਮੇਟ ਕੇ ਸੰਤੋਖ ਸਹਿਤ ਹੋ ਕੇ ਨਾਸ ਤੋਂ ਰਹਿਤ ਪਤੀ-ਪ੍ਰਮਾਤਮਾ ਨੂੰ ਪ੍ਰਾਪਤ ਕਰਦੀ ਹੈ।

ਯਥਾ— **ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ ਨਾ ਕਦੇ ਮਰੈ ਨ ਜਾਇਆ ॥**

[ਸਿਰੀਰਾਗੁ ਮਹਲਾ ੪, ਅੰਗ ੭੮]

ਪਤੀ-ਪ੍ਰਮਾਤਮਾ ਆਤਮਾ ਰੂਪ ਹੋ ਕੇ ਹਿਰਦੇ ਵਿੱਚ ਹੀ ਵੱਸ ਰਿਹਾ ਹੈ ਪਰ

ਯਥਾ— **ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ ॥**

[ਸੋਰਠਿ ਮਃ ੪, ਅੰਗ ੬੦੭]

ਜਿਨ੍ਹਾਂ ਨੂੰ ਪ੍ਰਮਾਤਮਾ ਪ੍ਰਾਪਤ ਨਹੀਂ ਹੋਇਆ ਉਨ੍ਹਾਂ ਦੇ ਦੁੱਖ ਦਾ ਵਰਨਣ ਫ਼ਰੀਦ ਸਾਹਿਬ ਕਰਦੇ ਹਨ।

ਯਥਾ— **ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ ॥**
**ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ ॥** [ਸਲੋਕ ਫਰੀਦ ਜੀ, ਅੰਗ ੧੩੭੯]

ਸਤਿਗੁਰੂ ਜੀ ਵਿਛੋੜੇ ਦੇ ਦੁੱਖ ਨੂੰ ਇਸ ਪ੍ਰਕਾਰ ਕਥਨ ਕਰਦੇ ਹਨ।

ਯਥਾ— **ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥**
**ਬਾਝੁ ਪਿਆਰੇ ਆਪਣੇ ਬਿਰਹੀ ਨ ਧੀਰੋਦਿ ॥** [ਵਾਰ ਮਾਰੂ ਮਹਲਾ ੫, ਅੰਗ ੧੧੦੦]

ਜਿਨਾਂ ਨੂੰ ਪਤੀ-ਪ੍ਰਮੇਸ਼ਰ ਪ੍ਰਾਪਤ ਨਹੀਂ ਹੋਇਆ ਉਨ੍ਹਾਂ ਨੂੰ ਪ੍ਰਤੱਖ, ਵਾ—ਮਨੁੱਖਾ ਸਰੀਰ ਰੂਪ ਹਾੜ ਦਾ ਮਹੀਨਾ ਤਪਾਉਂਦਾ ਹੈ।

## *ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥*

ਜੋ ਸਾਰੇ ਜਗ=ਸੰਸਾਰ ਦਾ ਜੀਵਨ ਰੂਪ ਹੈ ਐਸੇ ਪੁਰਖ=ਵਿਆਪਕ ਅਕਾਲ ਪੁਰਖ ਨੂੰ ਤਿਆਗਿ ਕੈ=ਛੱਡ ਕੇ ਜੋ ਮਾਣਸ=ਮਨੁੱਖ ਸੰਦੀ=ਦੀ ਸਹਾਇਤਾ ਦੀ ਆਸ=ਇੱਛਾ ਰੱਖਦਾ ਹੈ। ਉਸ ਦੀ ਇਹ ਆਸਾ ਬਿਅਰਥ ਹੈ।

ਯਥਾ— **੧. ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥**

[ਗਉੜੀ ਮਹਲਾ ੫, ਅੰਗ ੨੮੧]

**੨. ਕਬੀਰ ਆਸਾ ਕਰੀਐ ਰਾਮ ਕੀ ਅਵਰੈ ਆਸ ਨਿਰਾਸ ॥** [ਸਲੋਕ ਕਬੀਰ ਜੀ, ਅੰਗ ੧੩੬੯]

**੩. ਸਤਿਗੁਰ ਸਾਹਿਬ ਛਡਿ ਕੈ ਮਨਮੁਖ ਹੋਇ ਬੰਦੇ ਦਾ ਬੰਦਾ ॥**

[ਭਾਈ ਗੁਰਦਾਸ ਜੀ, ਵਾਰ ੧੫, ਪਉੜੀ ੪]

PDF created with pdfFactory Pro trial version www.pdffactory.com

**੪. ਸਚੁ ਦਾਤਾਰੁ ਵਿਸਾਰ ਕੈ ਮੰਗਤਿਆ ਨੋ ਮੰਗਣ ਜਾਈ॥**

[ਭਾਈ ਗੁਰਦਾਸ ਜੀ, ਵਾਰ ੧੫, ਪਉੜੀ ੬]

ਮਨੁੱਖ ਜਿਨ੍ਹਾਂ ਨੂੰ ਆਪਣੇ ਬਹੁਤ ਪਿਆਰੇ ਸੰਬੰਧੀ ਜਾਣਕੇ ਸਨੇਹ ਕਰਦਾ ਹੈ ਅਤੇ ਉਨ੍ਹਾਂ ਤੋਂ ਸਹਾਇਤਾ ਦੀ ਆਸ ਰੱਖਦਾ ਹੈ, ਇਹ ਸਭ ਮਤਲਬੀ ਲੋਗ ਹਨ:

ਯਥਾ— **੧. ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ॥**
**ਜਿਤੁ ਦਿਨਿ ਉਨ੍ ਦਾ ਸੁਆਉ ਹੋਇ ਨਾ ਆਵੈ ਤਿਤੁ ਦਿਨਿ ਨੇੜੈ ਕੋ ਨ ਢੁਕਾਸਾ॥**

[ਗੋਂਡ ਮਹਲਾ ੪, ਅੰਗ ੮੬੦]

**੨. ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ॥**
**ਵੇਖਦਿਆ ਹੀ ਭਜਿ ਜਾਨਿ ਕਦੇ ਨਾ ਪਾਇਨਿ ਬੰਧੁ॥**
**ਜਿਚਰੁ ਪੈਨਨਿ ਖਾਵਨ੍ਹੇ ਤਿਚਰੁ ਰਖਨਿ ਗੰਢੁ॥**
**ਜਿਤੁ ਦਿਨਿ ਕਿਛੁ ਨਾ ਹੋਵਈ ਤਿਤੁ ਦਿਨਿ ਬੋਲਨਿ ਗੰਧੁ॥**

[ਵਾਰ ਰਾਮਕਲੀ ਮਹਲਾ ੫, ਅੰਗ ੯੫੯]

ਦੋ ਬੇੜੀਆਂ ਤੇ ਪੈਰ ਰੱਖਣ ਵਾਲਾ ਤਰ ਨਹੀਂ ਸਕਦਾ। ਇਸੇ ਤਰ੍ਹਾਂ ਇੱਕ ਪ੍ਰਮੇਸ਼ਰ ਨੂੰ ਛੱਡ ਕੇ ਬਹੁਤਿਆਂ ਮਨੁੱਖਾਂ, ਦੇਵੀ ਦੇਵਤਿਆਂ, ਪੀਰਾਂ-ਫ਼ਕੀਰਾਂ, ਤੇ ਆਸਾ ਰੱਖਣ ਵਾਲਾ, ਉਨ੍ਹਾਂ ਨੂੰ ਪੂਜਣ ਵਾਲਾ ਹਮੇਸ਼ਾਂ ਡੁਬਦਾ ਹੈ, ਦੁੱਖ ਪਾਉਂਦਾ ਹੈ।

**ਸਾਖੀ—**ਲਹੌਰ ਦੇ ਰਹਿਣ ਵਾਲਾ ਸਿੱਖ ਭਾਈ ਪਤੰਗ ਜਿਸ ਪਾਸ ਪਠਾਣ ਜਮਾਲੁਦੀਨ ਨੇ ਅਮਾਨਤ ਰੱਖੀ ਤੇ ਸਿੱਖ ਭੁੱਲ ਗਿਆ ਸਿੱਖ ਦੀ ਪੰਜਵੇਂ ਪਾਤਿਸ਼ਾਹ ਨੇ ਪੈਜ ਰੱਖੀ ਕਿਉਂਕਿ ਉਸ ਦਾ ਭਰੋਸਾ ਕੇਵਲ ਗੁਰੂ 'ਤੇ ਸੀ। ਪਠਾਣ ਦਾ ਭਰੋਸਾ ਇੱਕ ਤੇ ਨਾਂ ਹੋਣ ਕਰਕੇ ਉਸ ਦਾ ਹੱਥ ਸੜਿਆ। ਇਸ ਕਰਕੇ ਮਨੁੱਖਾਂ, ਦੇਵੀ ਦੇਵਤਿਆਂ ਵਲੋਂ ਸਹਾਇਤਾ ਦੀ ਆਸ ਛੱਡ ਕੇ ਇੱਕ ਪ੍ਰਮਾਤਮਾ ਦੀ ਆਸ ਰੱਖਣੀ ਚਾਹੀਦੀ ਹੈ।

## ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥

ਦੁਯੈ=ਦ੍ਵੈਤ ਭਾਇ=ਭਾ ਵਿੱਚ ਪੈ ਕੇ ਹੋਰਨਾਂ ਨਾਲ ਪ੍ਰੇਮ ਪਾ ਕੇ ਵਿਗੁਚੀਐ=ਖਰਾਬ ਹੋਣਾ, ਖੁਆਰ ਹੋਣਾ ਹੁੰਦਾ ਹੈ। [ਵਿਗੁਚੀਐ=ਵਿਗੋਈ (ਕ੍ਰਿ: ਸੰਸਕ੍ਰਿਤ, ਵਿਗਤ=ਗੁਆਚੀ ਹੋਈ। ਪੰਜਾਬੀ—ਵਿਗੁਤ, ਵਿਗੁਤੀ, ਵਿਗੁਚ, ਕ੍ਰਿਯਾ, ਵਿਗੁਚਣਾ, ਇਸ ਤੋਂ ਵਿਗੋਚਾ, ਵਿਗੁਚਣਾ ਦਾ ਸੰਖੇਪ ਵਿਗੋਣਾ, ਇਸ ਤੋਂ ਵਿਗੋਈ ਆਦਿ) ਗੁਆਚੀ, ਖ਼ੁਆਰ ਹੋਈ, ਰੁਲੀ] ਐਸੇ ਪੁਰਸ਼ਾਂ ਦੇ ਅੰਤ ਨੂੰ ਗਲ ਵਿੱਚ ਜਮਾਂ ਦੀ ਫਾਸ=ਫਾਹੀ ਪੈਂਦੀ ਹੈ। ਜੋ ਮਾਇਆ ਵਾਸਤੇ ਦੇਵੀ ਦੇਵਤਿਆਂ ਦੀ ਭਾਵਨਾ ਵਿੱਚ ਲਗਦੇ ਹਨ ਉਹ ਲੋਕ-ਪ੍ਰਲੋਕ ਵਿੱਚ ਖੱਜਲ ਖੁਆਰ ਹੁੰਦੇ ਹਨ ਪਰ ਮਾਇਆ ਫਿਰ ਵੀ ਪੂਰਬਲੇ ਲਿਖੇ ਕਰਮਾਂ ਅਨੁਸਾਰ ਹੀ ਮਿਲਦੀ ਹੈ।

ਯਥਾ— **ਸੰਪੈ ਕਉ ਈਸਰੁ ਧਿਆਈਐ॥ ਸੰਪੈ ਪੁਰਬਿ ਲਿਖੇ ਕੀ ਪਾਈਐ॥**

[ਰਾਮਕਲੀ ਮਹਲਾ ੧, ਅੰਗ ੯੩੭]

ਅਜਿਹੇ ਮਾਇਆ ਦੇ ਇਛੁਕ ਦੁਨੀਆਦਾਰਾਂ ਲਈ ਇਸ ਪ੍ਰਕਾਰ ਫ਼ੁਰਮਾਇਆ ਹੈ।

ਯਥਾ— **ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ॥** [ਵਾਰ ਆਸਾ ਮਹਲਾ ੧, ਅੰਗ ੪੬੪]

## ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥

ਜਿਹੋ ਜਿਹਾ ਕੋਈ ਬੀਜ ਧਰਤੀ ਵਿੱਚ ਬੀਜਦਾ ਹੈ ਉਹੋ ਜਿਹੀ ਹੀ ਫਸਲ ਲੁਣੈ=ਵਢਦਾ ਹੈ ਕਿਵੇਂ ਕਣਕ

PDF created with pdfFactory Pro trial version www.pdffactory.com

ਬੀਜ ਕੇ ਮੱਕੀ ਨਹੀਂ ਵੱਢੀਦੀ। ਮੱਕੀ ਬੀਰ ਕੇ ਕਣਕ ਪੈਦਾ ਨਹੀਂ ਹੁੰਦੀ ਭਾਵ ਕਿ ਜੋ ਬੀਜ ਬੀਜੋ ਸੋਈ ਧਰਤੀ ਨੇ ਕਈ ਗੁਣਾ ਕਰਕੇ ਬੀਜਣ ਵਾਲੇ ਨੂੰ ਦੇਣਾ ਹੁੰਦਾ ਹੈ। ਜੈਸਾ ਕਿ ਇਨ੍ਹਾਂ ਪ੍ਰਮਾਣਾ ਤੋਂ ਭੀ ਸਪਸ਼ਟ ਹੈ ਅਤੇ ਪ੍ਰਤੱਖ ਵੀ ਦੇਖੀਦਾ ਹੈ:

ਯਥਾ— **੧. ਆਪੇ ਬੀਜਿ ਆਪੇ ਹੀ ਖਾਹੁ ॥ ਨਾਨਕ ਹੁਕਮੀ ਆਵਹੁ ਜਾਹੁ ॥** [ਜਪੁਜੀ ਸਾਹਿਬ, ਅੰਗ ੪]

**੨. ਜੈਸਾ ਬੀਜਹਿ ਤੈਸਾ ਖਾਸਾ ॥** [ਗਉੜੀ ਮਹਲਾ ੫, ਅੰਗ ੧੭੬]

**੩. ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ ॥** [ਸੂਹੀ ਮਹਲਾ ੧, ਅੰਗ ੭੩੦]

**੪. ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ ॥**
**ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥੨੩॥** [ਸਲੋਕ ਫਰੀਦ ਜੀ, ਅੰਗ ੧੩੭੯]

ਇਸੇ ਤਰ੍ਹਾਂ ਸਰੀਰ ਰੂਪੀ ਧਰਤੀ ਵਿੱਚ ਜਿਹੋ ਜਿਹਾ ਕੋਈ ਸ਼ੁਭਾਸ਼ੁਭ ਕਰਮ ਰੂਪੀ ਬੀਜ ਬੀਜਦਾ ਹੈ ਉਸੇ ਤਰ੍ਹਾਂ ਦਾ ਹੀ ਦੁੱਖ, ਵਾ—ਸੁਖ ਰੂਪੀ ਫਲ ਵੱਢਦਾ ਹੈ, ਜਿਸ ਤਰ੍ਹਾਂ ਅਜ ਰਾਜੇ ਨੇ ਮਹਾਤਮਾ ਨੂੰ ਲਿੱਦ ਦੀ ਭੀਖਿਆ ਦਿੱਤੀ ਸੀ ਤੇ ਫਿਰ ਉਸ ਨੂੰ ਲਿਦ ਖਾਣੀ ਪਈ:

ਯਥਾ— **ਅਜੈ ਸੁ ਰੋਵੈ ਭੀਖਿਆ ਖਾਇ ॥** [ਵਾਰ ਰਾਮਕਲੀ ਮਹਲਾ ੧, ਅੰਗ ੯੫੩]

ਜ਼ਕਰੀਆ ਖ਼ਾਨ ਵਰਗੇ ਪਾਪੀਆਂ ਨੂੰ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਅੱਗੇ ਲੱਗ ਕੇ ਜਾਣਾ ਪਿਆ ਅਤੇ ਛੇਵੇਂ ਪਾਤਿਸ਼ਾਹ ਨੇ ਚੰਦੂ ਦੇ ਨੱਕ ਵਿੱਚ ਨਕੇਲ ਪਾ ਕੇ ਉਸ ਦੇ ਕਰਮਾਂ ਦਾ ਫਲ ਭੁਗਤਾਇਆ ਤੇ ਅੰਤ ਨੂੰ ਪਾਪੀ ਟਕਾ-ਟਕਾ ਮੰਗ ਕੇ ਮਰਿਆ।

ਯਥਾ— **੧. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥** [ਬਾਰਹ ਮਾਹਾ ਸਾਂਝ ਮਹਲਾ ੫, ਅੰਗ ੧੩੪]

**੨. ਮਤੁ ਕੋ ਜਾਣੈ ਜਾਇ ਅਗੈ ਪਾਇਸੀ ॥ ਜੇਹੇ ਕਰਮ ਕਮਾਇ ਤੇਹਾ ਹੋਇਸੀ ॥** [ਸੂਹੀ ਮਹਲਾ ੧, ਅੰਗ ੭੩੦]

**੩. ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥** [ਸਿਰੀਰਾਗੁ ਮਹਲਾ ੫, ਅੰਗ ੭੮]

**੪. ਖੇਤਿ ਸਰੀਰਿ ਜੋ ਬੀਜੀਐ ਸੋ ਅੰਤਿ ਖਲੋਆ ਆਇ ॥** [ਸਲੋਕ ਮਹਲਾ ੩, ਅੰਗ ੧੪੧੭]

**੫. ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥** [ਵਾਰ ਆਸਾ ਮਹਲਾ ੧, ਅੰਗ ੪੭੦]

## *ਮਥੈ ਜੋ ਲਿਖਿਆਸੁ ॥*

ਮਥੈ=ਮਸਤਕਿ ਉਪਰ ਜੋ ਲੇਖ ਕਰਮਾਂ ਅਨੁਸਾਰ ਲਿਖੇ ਹਨ ਉਨ੍ਹਾਂ ਅਨੁਸਾਰ ਹੀ ਧਨ ਦੀ ਪ੍ਰਾਪਤੀ ਹੁੰਦੀ ਹੈ।

ਯਥਾ— **੧. ਮਸਤਕਿ ਲਿਖਿਆੜਾ ਲੇਖੁ ਪੁਰਬਿ ਕਮਾਇਆ ਜੀਉ ॥**
**ਲੇਖੁ ਨ ਮਿਟਈ ਪੁਰਬਿ ਕਮਾਇਆ ਕਿਆ ਜਾਣਾ ਕਿਆ ਹੋਸੀ ॥** (ਧਨਾਸਰੀ ਮਹਲਾ ੧, ਅੰਗ ੬੮੯]

**੨. ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ॥** [ਤਿਲੰਗ ਮਹਲਾ ੧, ਅੰਗ ੭੨੨]

**੩. ਲੇਖੁ ਨ ਮਿਟਈ ਹੇ ਸਖੀ ਜੋ ਲਿਖਿਆ ਕਰਤਾਰਿ ॥** [ਰਾਮਕਲੀ ਮਹਲਾ ੧, ਅੰਗ ੯੩੭]

**ਸਾਖੀ ਮਾਇਆ ਅਤੇ ਕਰਮਾਂ ਦੀ—**ਇਕ ਵਾਰ ਕਰਮਾਂ ਦਾ ਅਤੇ ਮਾਇਆ ਦਾ ਸੰਬਾਦ ਹੋਇਆ ਮਾਇਆ

PDF created with pdfFactory Pro trial version www.pdffactory.com

ਕਹਿਣ ਲੱਗੀ ਕਿ ਮੈਂ ਤਾਕਤਵਾਰ ਹਾਂ, ਕੰਗਾਲ ਤੋਂ ਧਨੀ ਬਣਾ ਸਕਦੀ ਹਾਂ। ਕਰਮ ਕਹਿਣ ਲੱਗੇ ਧਨੀ ਜਾਂ ਕੰਗਾਲ ਬਣਾਉਣਾ ਸਾਡੇ ਵਸ ਹੈ। ਇਸ ਝਗੜੇ ਦਾ ਅੰਤ ਇਸ ਗੱਲ ਤੇ ਹੋਇਆ ਕਿ ਮਾਇਆ ਕਹਿਣ ਲੱਗੀ ਕਿ ਜੋ ਉਹ ਸਾਹਮਣੇ ਗ਼ਰੀਬ ਲੱਕੜਹਾਰਾ ਹੈ ਮੈਂ ਉਸ ਨੂੰ ਧਨੀ ਬਣਾਉਂਦੀ ਹਾਂ, ਫਿਰ ਇਸ ਨੂੰ ਮਿਹਨਤ ਨਹੀਂ ਕਰਣੀ ਪਵੇਗੀ। ਜੇ ਤੁਹਾਡੇ ਵਿੱਚ ਕੋਈ ਸ਼ਕਤੀ ਹੈ ਤਾਂ ਇਸ ਨੂੰ ਅਮੀਰ ਬਣਨ ਤੋਂ ਰੋਕਣਾ ਕਰੋ। ਕਰਮ ਕਹਿਣ ਲਗੇ ਕਿ ਸਾਡੀ ਸ਼ਕਤੀ ਬਿਨਾਂ ਇਹ ਧਨੀ ਨਹੀਂ ਬਣ ਸਕਦਾ। ਮਾਇਆ ਨੇ ਲੱਕੜਹਾਰੇ ਨੂੰ ਇੱਕ ਅਮੋਲਕ ਲਾਲ ਦਿੱਤਾ, ਇਹ ਲਾਲ ਲੈ ਕੇ ਇਸ ਨੇ ਜੇਬ ਵਿੱਚ ਪਾ ਲਿਆ, ਜਦੋਂ ਨਦੀ ਵਿੱਚ ਪਾਣੀ ਪੀਣ ਲੱਗਾ ਤਾਂ ਨਦੀ ਵਿੱਚ ਡਿੱਗ ਪਿਆ। ਦੂਜੇ ਦਿਨ ਫਿਰ ਲੱਕੜਾਂ ਕੱਟਣ ਗਿਆ ਤਾਂ ਮਾਇਆ ਨੇ ਲਾਲ ਬਾਬਤ ਪੁੱਛਿਆ ਤਾਂ ਇਸ ਨੂੰ ਦੱਸ ਦਿੱਤਾ ਕਿ ਉਹ ਨਦੀ ਵਿੱਚ ਡਿੱਗ ਪਿਆ ਹੈ। ਫਿਰ ਮੋਹਰਾਂ ਦੀ ਥੈਲੀ ਦਿੱਤੀ ਤਾਂ ਇਹ ਥੈਲੀ ਘਰ ਲੈ ਆਇਆ ਥੈਲੀ ਰੱਖ ਦਿੱਤੀ ਤੇ ਥਕਿਆ ਹੋਇਆ ਪਾਣੀ ਪੀਣ ਲੱਗਾ ਤਾਂ ਥੈਲੀ ਗੁਆਂਢਣ ਲੈ ਗਈ। ਫਿਰ ਲੱਕੜਾਂ ਕੱਟਣ ਗਿਆ ਤਾਂ ਇੱਕ ਬਹੁਮੁਲਾ ਹਾਰ ਦਿੱਤਾ, ਉਸ ਨੇ ਪੱਗ ’ਤੇ ਟੰਗ ਲਿਆ, ਜਿਸ ਨੂੰ ਇੱਕ ਇੱਲ ਨੇ ਚਮਕੀਲਾ ਪਦਾਰਥ ਵੇਖ ਕੇ ਝਪਟ ਮਾਰੀ ਤੇ ਹਾਰ ਨੂੰ ਉਡਾ ਕੇ ਆਲ੍ਹਣੇ ਵਿੱਚ ਲੈ ਗਈ। ਕਰਮਾਂ ਨੇ ਕਿਹਾ ਕਿ ਤੂੰ ਦੱਸ ਕਿਵੇਂ ਧਨੀ ਬਣਾ ਸਕਦੀ ਹੈਂ। ਮਾਇਆ ਨੇ ਆਖਿਆ ਤੁਸੀਂ ਬਣਾਉ ਮੈਂ ਵੇਖਣਾ ਚਾਹੁੰਦੀ ਹਾਂ ਕਰਮ ਦੇਵਤੇ ਨੇ ਦੋ ਪੈਸੇ ਦਿੱਤੇ, ਲੱਕੜਹਾਰੇ ਨੇ ਉਸ ਦੀ ਮੱਛੀ ਖ਼ਰੀਦੀ। ਜਦੋਂ ਲੱਕੜਹਾਰੇ ਨੇ ਮੱਛੀ ਨੂੰ ਪਾੜ੍ਹਿਆ ਵਿੱਚੋਂ ਲਾਲ ਨਿਕਲ ਆਇਆ। ਕਿਉਂਕਿ ਨਦੀ ਵਿੱਚ ਡਿਗਿਆ ਲਾਲ ਇਸ ਨੇ ਹੀ ਨਿਗਲਿਆ ਸੀ ਕਿਉਂਕਿ ਕਰਮ ਦੇਵਤੇ ਦਾ ਪ੍ਰੇਰਿਆ ਹੋਇਆ ਮਛੇਰਾ ਇਸ ਮੱਛੀ ਨੂੰ ਪਕੜ ਲਿਆਇਆ ਜਿਸ ਤੋਂ ਲੱਕੜਹਾਰੇ ਨੇ ਖ਼ਰੀਦੀ। ਜਦੋਂ ਮੱਛੀ ਦੇ ਪੇਟ ਵਿੱਚੋਂ ਲਾਲ ਨਿਕਲਿਆ ਤਾਂ ਖ਼ੁਸ਼ ਹੋ ਕੇ ਉੱਚੀ-ਉੱਚੀ ਕਹਿਣ ਲੱਗਾ ਕਿ ਗੁਆਚੀ ਹੋਈ ਵਸਤੂ ਲੱਭ ਗਈ। ਇਹ ਗੱਲ ਨੂੰ ਸੁਣਕੇ ਗੁਆਂਢਣ ਭੈ-ਭੀਤ ਹੋ ਗਈ ਕਿ ਇਹਨਾਂ ਨੂੰ ਮੋਹਰਾਂ ਦੀ ਥੈਲੀ ਦਾ ਪਤਾ ਲੱਗ ਗਿਆ ਤੇ ਸੋਚਿਆ ਕਿ ਪੁਲਿਸ ਦੇ ਆਉਣ ਤੋਂ ਪਹਿਲਾਂ ਥੈਲੀ ਗਾਇਬ ਕਰ ਦਈਏ। ਜਦੋਂ ਮੋਹਰਾਂ ਮੇਰੇ ਘਰ ਦੀ ਬਜਾਇ ਇਹਨਾਂ ਦੇ ਘਰ ਤੋਂ ਮਿਲੀਆਂ ਤਾਂ ਆਪੇ ਝੂਠੇ ਪੈਣਗੇ। ਇਹ ਸੋਚ ਕੇ ਮੋਘੇ ਦੇ ਵਿੱਚ ਦੀ ਮੋਹਰਾਂ ਦੀ ਥੈਲੀ ਉਹਨਾਂ ਦੇ ਘਰ ਸੁੱਟ ਦਿੱਤੀ। ਲੱਕੜਹਾਰਾ ਬੜਾ ਖ਼ੁਸ਼ ਹੋਇਅ ਕਿ ਰੱਬ ਜਦੋਂ ਖ਼ੁਸ਼ ਹੁੰਦਾਂ ਤਾਂ ਮੋਘਾ ਪਾੜ ਕੇ ਦਿੰਦਾ ਹੈ। ਫਿਰ ਉਹ ਮੱਛੀ ਨੂੰ ਰਿੰਨ੍ਹਣ ਵਾਸਤੇ ਲੱਕੜਾਂ ਕੱਟਣ ਲਈ ਪਿਪਲ ’ਤੇ ਚੜਿਆ ਤੇ ਆਲ੍ਹਣੇ ਵਿੱਚ ਪਿਆ ਹਾਰ ਭੀ ਮਿਲ ਗਿਆ। ਸੋ ਇਉਂ ਮੱਥੇ ਦੇ ਕਰਮਾਂ ਅਨੁਸਾਰ ਹੀ ਪਦਾਰਥ ਪ੍ਰਾਪਤ ਹੋਇਆ ਕਰਦੇ ਹਨ। ਇਹੋ ਜਿਹੀਆਂ ਸਾਖੀਆਂ ਭਾਵੇਂ ਆਮ ਕਰਕੇ ਕਲਪਿਤ ਹੀ ਹੋਇਆ ਕਰਦੀਆਂ ਹਨ ਪਰ ਇਨ੍ਹਾਂ ਦਾ ਸਿਧਾਂਤ ਸਰਲ ਰੂਪ ਨੂੰ ਪ੍ਰਗਟ ਕਰਨਾ ਹੁੰਦਾ ਹੈ ਜੈਸਾ ਕਿ ਕਰਮਾਂ ਤੇ ਲੱਛਮੀ ਦੇ ਸੰਵਾਦ ਦਾ ਭਾਵ ਗੁਰਬਾਣੀ ਦੀ ਇਸ ਤੁਕ ਨੂੰ ਸਰਲ ਰੂਪ ਵਿੱਚ ਪ੍ਰਗਟ ਕਰਦਾ ਹੈ ਕਿ ਮੱਥੇ ਦੇ ਲੇਖੇ ਜੋ ਲਿਖੇ ਹਨ ਉਹ ਅਮੇਟ ਹਨ। ਉਨ੍ਹਾਂ ਨੂੰ ਕੇਵਲ ਗੁਰੂ ਪੀਰ ਹੀ ਸੂਲੀ ਤੋਂ ਸੂਲ, ਸੈਂਕੜੇ ਜਨਮਾਂ ਤੋਂ ਇੱਕ ਰਾਤ ਵਿੱਚ ਸੈਂਕੜੇ ਜਨਮ ਭੁਗਤਾਉਣ ਦੀ ਸਮਰੱਥਾ ਰੱਖਦੇ ਹਨ।

## ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥

ਜਦੋਂ ਉਮਰ ਰੂਪੀ ਰੈਣਿ=ਰਾਤ ਪ੍ਰਭੂ ਪ੍ਰਾਪਤੀ ਤੋਂ ਬਿਨਾਂ ਵਿਹਾਣੀ=ਬਤੀਤ ਹੋ ਗਈ ਤਾਂ ਪਿੱਛੋਂ ਜੀਵ ਰੂਪ ਇਸਤਰੀ ਪਛੁਤਾਣੀ=ਪਛਤਾਉਂਦੀ ਹੋਈ ਅੰਤ ਨੂੰ ਹੱਥ ਝਾੜ ਕੇ ਹਾਰੇ ਹੋਏ ਜੁਆਰੀ ਦੀ ਤਰ੍ਹਾਂ ਸੰਸਾਰ ਤੋਂ ਉਠ ਕੇ ਪ੍ਰਲੋਕ ਨੂੰ ਨਿਰਾਸ ਹੋ ਕੇ ਚਲੀ ਗਈ, ਕੁਝ ਵੀ ਪੱਲੇ ਨਹੀਂ ਪਿਆ।

ਯਥਾ— **ਚਲੇ ਜੁਆਰੀ ਦੁਇ ਹਥ ਝਾਰਿ ॥** [ਭੈਰਉ ਕਬੀਰ ਜੀ, ਅੰਗ ੧੧੫੮]

ਸਾਕਤ ਪੁਰਸ਼ਾਂ ਦੀ ਜਿੰਦ ਸਾਰੀ ਉਮਰ, ਜਿਨ੍ਹਾਂ ਪਦਾਰਥਾਂ, ਵਿਸ਼ਿਆਂ ਦੇ ਭੋਗਣ ਵਿੱਚ, ਸੁੱਖ ਦੇ ਸਾਧਨਾਂ ਵਿੱਚ ਗ੍ਰਸੀ ਹੋਈ ਸੀ, ਅੰਤ ਨੂੰ ਕਾਲ ਤੋਂ, ਜਮਾਂ ਦੀ ਫਾਹੀ ਤੋਂ, ਸਭ ਸੰਬੰਧੀ, ਮਿੱਤਰ ਆਦਿ ਵੀ ਨਹੀਂ ਛੁਡਾ ਸਕਦੇ ਇਹ ਵੇਖ ਕੇ ਸਭ ਤੋਂ ਨਿਰਾਸ ਹੋ ਕੇ, ਪਸ਼ਚਾਤਾਪ ਕਰਦੀ ਹੋਈ ਸਾਕਤ ਪੁਰਸ਼ਾਂ ਦੀ ਨਿਮਾਣੀ ਜਿੰਦ ਜਮਾਂ

PDF created with pdfFactory Pro trial version www.pdffactory.com

ਦੇ ਵੱਸ ਪੈ ਕੇ ਚਲੀ ਗਈ ਤੇ ਮਨੁੱਖਾ ਜਨਮ ਰੂਪੀ ਰਾਤ ਵਿਅਰਥ ਬਤੀਤ ਹੋ ਗਈ। ਸੰਬੰਧੀ, ਸਰੀਰ ਅਤੇ ਇੰਦ੍ਰੇ ਸਭ ਇਥੇ ਹੀ ਰਹਿ ਗਏ।

ਯਥਾ— **ਸੰਗਿ ਨ ਸਾਥੀ ਗਵਨੁ ਇਕੇਲਾ ॥** [ਸੂਹੀ ਰਵਿਦਾਸ ਜੀ, ਅੰਗ ੭੯੩]

ਅੱਗੇ ਜਾ ਕੇ ਮੁਕਤੀ ਪ੍ਰਾਪਤ ਨਹੀਂ ਹੁੰਦੀ, ਜਮਾਂ ਦੀ ਫਾਹੀ ਪੈ ਜਾਂਦੀ ਹੈ। ਸਤਿਗੁਰਾਂ ਨੂੰ ਗੁਰਸਿਖਾਂ ਨੇ ਪ੍ਰਸ਼ਨ ਕੀਤਾ ਕਿ ਸਤਿਗੁਰੂ ਜੀ ! ਫਿਰ ਮੁਕਤੀ ਕਿਸਨੂੰ ਪ੍ਰਾਪਤ ਹੁੰਦੀ ਹੈ ਤਾਂ ਸਤਿਗੁਰੂ ਜੀ ਨੇ ਪਾਵਨ ਫ਼ੁਰਮਾਨ ਕੀਤਾ।

## *ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥*

ਜਿਨ ਕੌ=ਜਿਨ੍ਹਾਂ ਜਗਿਆਸੂਆਂ ਨੂੰ ਸਾਧੂ=ਸਤਪੁਰਸ਼ਾਂ ਦੀ ਸੰਗਤ ਭੇਟੀਐ=ਮਿਲੀ ਹੈ, ਸੋ=ਉਹ ਪੁਰਸ਼ ਦਰਗਹ=ਪ੍ਰਮੇਸ਼ਰ ਦੇ ਨਿਆਂ ਅਸਥਾਨ ਭਾਵ ਧਰਮਰਾਜ ਦੀ ਕਚਹਿਰੀ ਵਿੱਚ ਜਮਾਂ ਦੀ ਬੰਦੀ ਤੋਂ ਖ਼ਲਾਸੁ=ਛੁਟ ਗਏ ਹਨ।

ਯਥਾ— **੧. ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ ॥**
**ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ ॥** [ਸੋਰਠਿ ਮਹਲਾ ੫, ਅੰਗ ੬੧੪]

**੨. ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ ॥** [ਵਾਰ ਗਉੜੀ ਮਃ ੫, ਅੰਗ ੩੨੦]

ਐਸੇ ਸਤ ਪੁਰਸ਼ ਜੋ ਸੰਸਾਰ ਵਿੱਚ ਜੀਵਨ ਮੁਕਤ ਹਨ, ਤਿਨਾਂ ਦੀ ਸੰਗਤ ਵਿੱਚ ਮਿਲ ਕੇ ਹੀ ਮਾਇਆ ਦੇ ਬੰਦੀਖਾਨੇ ਤੋਂ, ਜਨਮ ਮਰਨ ਦੇ ਬੰਦੀਖਾਨੇ ਤੋਂ, ਹਉਮੈ ਦੇ ਬੰਦੀਖਾਨੇ ਤੋਂ ਖ਼ਲਾਸੁ=ਮੁਕਤ ਹੋਈਦਾ ਹੈ।

## *ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥*

ਹੇ ਪ੍ਰਭ=ਸਮਰਥ ਵਾਹਿਗੁਰੂ ! ਆਪਣੀ ਕਿਰਪਾ ਕਰੋ, ਆਪਣੇ ਦਰਸ਼ਨ ਬਖ਼ਸ਼ੋ, ਮੇਰੇ ਮਨ ਵਿੱਚ ਆਪ ਜੀ ਦੇ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ। ਕਿਰਪਾ ਪੰਜ ਤਰ੍ਹਾਂ ਦੀ ਹੈ—੧. ਪ੍ਰਮੇਸ਼ਰ ਦੀ ਕਿਰਪਾ ਕਿ ਮਨੁੱਖਾ ਜਨਮ ਦੀ ਬਖ਼ਸ਼ਿਸ਼ ਹੋਈ ਹੈ। ੨. ਗੁਰੂ ਦੀ ਕਿਰਪਾ ਕਿ ਨਾਮ ਦੀ ਪ੍ਰਾਪਤੀ ਹੋਈ। ੩, ਕਰਮਾਂ ਦੀ ਕਿਰਪਾ ਕਿ ਚੰਗੀ ਬੁੱਧੀ ਹੋਵੇ। ੪. ਸਾਧਸੰਗਤਿ ਦੀ ਕਿਰਪਾ ਰਹਿਣੀ ਬਹਿਣੀ ਸਹਿਣੀ ਤੇ ਕਹਿਣੀ ਦਾ ਪਤਾ ਲੱਗਣਾ। ੫. ਜੀਵਾਂ ਦੀ ਆਪਣੀ ਕ੍ਰਿਪਾ ਕਿ ਉਦਮ ਧਾਰ ਕੇ ਨਾਮ ਜਪਣਾ। ਇਸੇ ਤਰ੍ਹਾਂ ਦਰਸ਼ਨ ਚਾਰ ਤਰ੍ਹਾਂ ਦੇ ਹਨ—੧. ਚਿਤਰ ਦਰਸ਼ਨ, ੨, ਸੁਪਨ ਦਰਸ਼ਨ, ੩. ਸ੍ਰਵਣ ਦਰਸ਼ਨ, ੪. ਪ੍ਰਤੱਖ ਦਰਸ਼ਨ। ਹੇ ਪ੍ਰਮੇਸ਼ਰ ਕਿਰਪਾ ਕਰਕੇ ਪ੍ਰਤੱਖ ਹੋ ਕੇ ਦਰਸ਼ਨ ਦੇਣਾ ਕਰੋ, ਜਿਸ ਤਰ੍ਹਾਂ ਧੰਨੇ ਭਗਤ ਨੂੰ ਬਖ਼ਸ਼ੇ ਸਨ। ਭਾਵੇਂ ਆਪ ਬਿਆਪਕ ਹੋ ਪਰ ਸਾਡੇ ਮਨ ਬੁੱਧ ਨੇਤਰਾਂ ਵਿੱਚ ਭਰਮ ਦੇ ਫੋਲੇ ਪਏ ਹਨ, ਆਪ ਕਿਰਪਾ ਕਰਕੇ ਵੈਰਾਗ ਬਿਬੇਕ ਰੂਪ ਨੇਤਰ ਬਖ਼ਸ਼ੋ ਤਾਂ ਕਿ ਮੈਂ ਘਟਾਂ-ਘਟਾਂ ਵਿੱਚ ਆਪ ਜੀ ਦੇ ਦਰਸ਼ਨ ਕਰ ਸਕਾਂ, ਮੇਰੇ ਮਨ ਵਿੱਚ ਆਪ ਜੀ ਦੇ ਦਰਸ਼ਨਾਂ ਦੀ ਪਿਆਸ ਲੱਗੀ ਹੋਈ ਹੈ।

ਯਥਾ— **੧. ਦਰਸਨ ਪਿਆਸੀ ਦਿਨਸੁ ਰਾਤਿ ਚਿਤਵਉ ਅਨਦਿਨੁ ਨੀਤ ॥**
[ਜੈਤਸਰੀ ਮਹਲਾ ੫, ਅੰਗ ੭੦੩]

**੨. ਬਿਨੁ ਮਿਲਬੇ ਨਾਹੀ ਸੰਤੋਖਾ ਪੇਖਿ ਦਰਸਨੁ ਨਾਨਕ ਜੀਜੈ ॥**
[ਕਲਿਆਨੁ ਮਹਲਾ ੫, ਅੰਗ ੧੩੨੧]

**੩. ਦਰਸਨ ਕੀ ਪਿਆਸਾ ਘਣੀ ਭਾਣੈ ਮਨਿ ਭਾਈਐ ॥** [ਆਸਾ ਮਹਲਾ ੧, ਅੰਗ ੪੨੧]

## *ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥*

ਸਤਿਗੁਰੂ ਦੀ ਫ਼ੁਰਮਾਨ ਕਰਦੇ ਹਨ ਕਿ ਹੇ ਪ੍ਰਭ=ਮਾਲਕ ਵਾਹਿਗੁਰੂ ਮੈਨੂੰ ਆਪ ਜੀ ਤੋਂ ਬਿਨਾਂ ਹੋਰ ਕੋਈ

PDF created with pdfFactory Pro trial version www.pdffactory.com

ਦੂਜਾ ਸਮਰਥ ਨਹੀਂ ਦਿੱਸਦਾ ਹੈ, ਇਸ ਲਈ ਤੁਹਾਡੇ ਹੀ ਚਰਨਾਂ ਵਿੱਚ ਮੇਰੀ ਅਰਦਾਸ ਬੇਨਤੀ ਹੈ ਕਿ ਕਿਰਪਾ ਕਰਕੇ ਦਰਸ਼ਨ ਦੇਣਾ ਕਰੋ। ਵਾ—ਹੇ ਪ੍ਰਭੂ ਤੇਰੇ ਤੋਂ ਬਿਨਾਂ ਹੋਰ ਕੋਈ ਰੱਖਿਆ ਕਰਨ ਵਾਲਾ ਨਹੀਂ ਹੈ, ਇਸ ਲਈ ਆਪ ਜੀ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਆਪ ਮੇਰੀ ਲੋਕ ਪ੍ਰਲੋਕ ਵਿੱਚ ਰੱਖਿਆ ਕਰੋ, ਜੋ ਸੰਸਾਰ ਦੇ ਸੰਬੰਧੀ ਹਨ, ਇਨ੍ਹਾਂ ਨੇ ਪ੍ਰਲੋਕ ਵਿੱਚ ਤਾਂ ਸਹਾਇਤਾ ਕੀ ਕਰਨੀ ਹੈ, ਸਗੋਂ ਉਹ ਤਾਂ ਇਥੇ ਹੀ ਸਾਥ ਛੱਡ ਜਾਂਦੇ ਹਨ:

ਯਥਾ— **ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ॥**
**ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ॥** [ਜੈਤਸਰੀ ਮਹਲਾ ੫, ਅੰਗ ੭੦੦]

## *ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥੫॥*

ਪ੍ਰਤੱਖ, ਵਾ—ਮਨੁੱਖਾ ਸਰੀਰ ਰੂਪ ਹਾੜ ਦਾ ਮਹੀਨਾ ਉਸ ਨੂੰ ਸ਼ੋਭਨੀਕ ਹੈ ਜਿਸ ਦੇ ਮਨ ਵਿੱਚ ਹਰਿ=ਵਾਹਿਗੁਰੂ ਦੇ ਚਰਨਾਂ ਦਾ ਨਿਵਾਸ ਹੈ।

੧. ਜਿਸ ਤਰ੍ਹਾਂ ਭਾਈ ਗੋਂਦਾ ਜੀ ਨੇ ਕਾਬਲ ਵਿੱਚ ਬੈਠ ਕੇ ਚਰਨਾਂ ਦਾ ਧਿਆਨ ਕਰਕੇ ਲਿਵ ਲਾਈ ਸੀ। ਜਿਸ ਕਰਕੇ ਸਤਿਗੁਰੂ ਹਰਿ ਰਾਇ ਸਾਹਿਬ ਜੀ ਇੱਕ ਰਸ ਅਡੋਲ ਸਿੰਘਾਂਸਨ ਉੱਤੇ ਬਿਰਾਜਮਾਨ ਰਹੇ।

੨. ਭੀਮ ਚੰਦ ਪਹਾੜੀ ਰਾਜੇ ਦੇ ਵਜੀਰ ਦੇਵੀ ਦਾਸ ਨੂੰ ਸਤਿਗੁਰਾਂ ਦੀ ਉਸਤਤਿ ਕਰਨ ਕਰਕੇ ਲੋਹੇ ਦੇ ਤੋੜ (ਸਲਾਈਆਂ) ਫੇਰ ਕੇ ਪਹਾੜੀ ਤੋਂ ਸੁੱਟਿਆ ਤਾਂ ਸਤਿਗੁਰੂ ਜੀ ਨੇ ਰੱਖਿਆ ਕੀਤੀ। ਕਿਉਂਕਿ ਇਸ ਨੇ ਗੁਰੂ ਕਲਗੀਧਰ ਪਾਤਿਸ਼ਾਹ ਜੀ ਦੇ ਚਰਨਾਂ ਦਾ ਧਿਆਨ ਧਰਿਆ ਹੋਇਆ ਸੀ। ਤੇ ਤੋੜ ਸਤਿਗੁਰਾਂ ਦੇ ਚਰਨਾਂ ਵਿੱਚ ਹੀ ਫਿਰ ਗਏ। ਸਤਿਗੁਰੂ ਜੀ, ਵਾ—ਪ੍ਰਮੇਸ਼ਰ ਦੇ ਅੰਤ੍ਰੀਵ ਚਰਨ ਕਿਹੜੇ ਹਨ? ਬਾਣੀ ਵਿੱਚ ਕਥਨ ਹੈ:

ਯਥਾ— **੧. ਚਿਤ ਚਰਨ ਨਾਮ॥** [ਦਸਮ, ਅੰਗ ੪]

**੨. ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ॥**
[ਧਨਾਸਰੀ ਮਹਲਾ ੫, ਅੰਗ ੬੮੦]

ਐਸੇ ਚਰਨਾਂ ਨਾਲ ਜੁੜੇ ਗੁਰਮੁਖਾਂ ਨੂੰ ਫੇਰ ਜਮਾਨੇ ਦੀ ਆਸਾ ਤ੍ਰਿਸ਼ਨਾ ਰੂਪ ਧੁੱਪ ਨਹੀਂ ਲੱਗਦੀ ਇਹ ਗੁਰੂ ਜੀ ਦੇ ਚਰਨਾਂ ਨਾਲ ਜੁੜਕੇ ਸਦਾ ਬ੍ਰਹਮਾਨੰਦ ਵਿੱਚ ਲੀਨ ਰਹਿੰਦੇ ਹਨ, ਸਭ ਜਗਤ ਉਨ੍ਹਾਂ ਨੂੰ ਨਮਸਕਾਰ ਕਰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

PDF created with pdfFactory Pro trial version www.pdffactory.com